**ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਦੀ ਭਲਾਈ ਲਈ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ) ਐਕਟ, 1996 ਅਧੀਨ ਬਣਾਏ ਰੂਲਜ਼ 2008 ਦੇ ਰੂਲ 265 ਅਧੀਨ ਦਿੱਤੇ ਉਪਬੰਧ ਅਨੁਸਾਰ ਪ੍ਰਵਾਨਤ ਕਿਰਤ ਭਲਾਈ ਸਕੀਮਾਂ ਦਾ ਵਿਵਰਣ**

**ਭਲਾਈ ਸਕੀਮ ਨੰ:1: ਰਾਸ਼ਟਰੀ ਸਵਾਸਥ ਬੀਮਾ ਯੋਜਨਾ ਅਧੀਨ ਲਾਭ ਦੇਣ ਬਾਰੇ।** **ਇਸ ਸਕੀਮ ਵਿਚ ਕੋਈ ਸੋਧ ਨਹੀਂ ਕੀਤੀ ਗਈ**

1. ਇਹ ਸਕੀਮ ਬੋਰਡ ਵੱਲੋਂ ਮੌਜੂਦਾ ਪੰਜੀਕ੍ਰਿਤ ਲਾਭਪਾਤਰੀਆਂ ਨੂੰ ਲਾਭ ਦੇਣ ਸਬੰਧੀ ਹੈ।
2. ਲਾਭਪਾਤਰੀ ਅਤੇ ਉਸ ਦੇ ਪਰਿਵਾਰ ਦੇ ਵੱਧ ਤੋਂ ਵੱਧ ਚਾਰ ਹੋਰ ਮੈਂਬਰ (ਕੁੱਲ ਪੰਜ ਜੀਅ) ਇਸ ਸਕੀਮ ਅਧੀਨ ਕਵਰ ਹੋਣਗੇ।
3. ਇਸ ਸਕੀਮ ਅਧੀਨ ਕੁੱਲ ₹ 30,000/- ਰੁਪਏ ਤੱਕ ਦਾ ਇਲਾਜ ਪ੍ਰਤੀ ਪਰਿਵਾਰ ਪ੍ਰਤੀ ਸਾਲ family floater ਅਧਾਰ ਤੇ ਬਤੌਰ ਇਨਡੋਰ ਪੇਮੈਂਟ ਅਧਾਰ ਤੇ ਦਿੱਤਾ ਜਾਵੇਗਾ।
4. ਹੈਲਥ ਇੰਸ਼ੋਰੈਂਸ ਪ੍ਰੋਵਾਈਡਰ ਦਾ ਕੰਮ ਨੋਡਲ ਏਜੰਸੀ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵੱਲੋਂ ਕੀਤਾ ਜਾਵੇਗਾ।
5. ਇੰਸ਼ੋਰੈਂਸ ਪ੍ਰੀਮੀਅਮ ਦੀ ਰਕਮ ਨੋਡਲ ਏਜੰਸੀ ਵਲੋਂ ਪ੍ਰਵਾਨ ਕੀਤੇ ਰੇਟਾਂ ਅਨੁਸਾਰ ਬੋਰਡ ਵਲੋਂ ਅਦਾ ਕੀਤੀ ਜਾਵੇਗੀ।
6. ਲਾਭਪਾਤਰੀ ਪੰਜੀਕਰਨ/ ਨਵਿਆਉਣ ਫੀਸ ਵੱਜੋਂ 30/- ਦੀ ਰਾਸ਼ੀ ਅਦਾ ਕਰੇਗਾ।

**ਭਲਾਈ ਸਕੀਮ ਨੰ:2 : ਐਕਸਗ੍ਰੇਸ਼ੀਆ ਸਕੀਮ** **ਮਿਤੀ 18.2.14 ਤੋਂ ਸੋਧੀ ਸਕੀਮ**

| **ਲੜੀ ਨੰ:** | **ਹਾਦਸੇ ਦੀ ਕਿਸਮ** | **ਐਕਸਗਰੇਸ਼ੀਆ ਦੀ ਰਕਮ** |
|---|---|---|
| **ੳ)** | ਮੌਤ/ ਪੂਰਣ (100%) ਅਪੰਗਤਾ ਦੀ ਸੂਰਤ ਵਿੱਚ | 1.00 ਲੱਖ ਰੁਪਏ |
| **ਅ)** | ਆਂਸ਼ਕ ਅਪੰਗਤਾ ਦੀ ਸੂਰਤ ਵਿੱਚ | ਅਪੰਗਤਾ ਦੀ ਸੂਰਤ ਵਿੱਚ ਲਾਭਪਾਤਰੀ ਨੂੰ 100% ਅਪੰਗਤਾ ਵਜੋਂ 1.00 ਲੱਖ ਰੁਪਏ ਅਤੇ ਬਾਕੀ ਦੇ ਕੇਸਾਂ ਵਿੱਚ ਅਪੰਗਤਾ ਦੀ ਪ੍ਰਤੀਸ਼ਤਤਾ ਦੇ ਅਧਾਰ ਤੇ ਐਕਸਗ੍ਰੇਸ਼ੀਆ ਦੀ ਰਾਸ਼ੀ ਦਿਤੀ ਜਾਵੇਗੀ। ਉਦਾਹਰਣ ਦੇ ਤੌਰ ਤੇ 65%, 42%, 17%, 7% ਆਦਿ ਅਪੰਗਤਾ ਦੀ ਸੂਰਤ ਵਿੱਚ ਲਾਭਪਾਤਰੀ ਕ੍ਰਮਵਾਰ ਰੁ. 65,000/-, ਰੁ. 42,000/-, ਰੁ. 17,000/-, ਰੁ. 7,000/- ਆਦਿ ਬਤੌਰ ਐਕਸਗ੍ਰੇਸ਼ੀਆ ਪ੍ਰਾਪਤ ਕਰਨ ਦੇ ਹਕਦਾਰ ਹੋਣਗੇ। |

## <u>ਸ਼ਰਤਾਂ:-</u>

1) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਹੋਣ ਤੇ ਪੰਜਾਬ ਬੀ.ਓ.ਸੀ ਵਰਕਰਜ਼ ਰੂਲਜ਼ 2008 ਦੇ ਰੂਲ 2(ਟ) ਵਿਚ 'ਫੈਮਲੀ' ਦੀ ਪਰੀਭਾਸ਼ਾ ਜੋ ਹੇਠ ਪ੍ਰਕਾਰ ਹੈ, ਵਿਚ ਦਸੇ ਪਰਿਵਾਰ ਦੇ ਮੈਂਬਰ ਇਹ ਰਕਮ 'ਐਕਸਗ੍ਰੇਸ਼ੀਆ' ਵਜੋਂ ਲੈਣ ਦੇ ਹੱਕਦਾਰ ਹੋਣਗੇ:-

**"Family" means the husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependant on him".**

2) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਸਬੰਧੀ ਸਰਟੀਫਿਕੇਟ ਰਜਿਸਟ੍ਰਾਰ ਜਨਮ/ਮੌਤ ਤੋਂ ਲੈਕੇ ਅਰਜੀ ਦੇ ਨਾਲ ਲਗਾਉਣਾ ਜਰੂਰੀ ਹੋਵੇਗਾ।

3) ਅਪੰਗਤਾ ਦੀ ਪ੍ਰਤੀਸ਼ਤਤਾ ਦਾ ਸਰਟੀਫਿਕੇਟ ਸਿਵਲ ਸਰਜਨ ਦੇ ਦਫਤਰ ਤੋਂ ਲੈਕੇ ਅਰਜੀ ਦੇ ਨਾਲ ਲਗਾਉਣਾ ਜਰੂਰੀ ਹੋਵੇਗਾ।

<u>ਨੋਟ</u> ਜੇਕਰ ਲਾਭਪਾਤਰੀ 'ਈ.ਐਸ.ਆਈ' ਅਧੀਨ ਲਾਭ ਲੈ ਰਿਹਾ ਹੋਵੇ ਤਾਂ ਉਹ ਐਕਸਗ੍ਰੇਸ਼ੀਆ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

**ਭਲਾਈ ਸਕੀਮ ਨੰ:3: ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਵਜੀਫਾ ਸਕੀਮ ਅਤੇ ਵਜੀਫੇ ਦੇ ਨਾਲ ਯੂਨੀਫਾਰਮ ਅਲਾਂਉਸ/ਐਜੂਕੇਸ਼ਨ ਅਲਾਉਂਸ (ਕਿਤਾਬਾਂ ਅਤੇ ਸਟੇਸ਼ਨਰੀ ਅਲਾਉਂਸ) ਦੇਣ ਬਾਰੇ ਸਕੀਮ।** ਮਿਤੀ 18.2.2014 ਤੋਂ ਸੋਧੀ ਸਕੀਮ

| **ਲੜੀ ਨੰ:** | **ਕਲਾਸ** | **ਵਜੀਫੇ ਦੀ ਦਰ** | **ਵਰਦੀ/ਸਿਖਿਆ ਭੱਤਾ (ਕਿਤਾਬਾਂ ਅਤੇ ਸਟੇਸ਼ਨਰੀ ਭੱਤਾ)** | |
|---|---|---|---|---|
| 1. | ਪਹਿਲੀ ਕਲਾਸ ਤੋਂ 5ਵੀਂ ਕਲਾਸ ਲਈ | 2,000/- ਪ੍ਰਤੀ ਸਾਲ | 800/- ਰੁਪਏ ਪ੍ਰਤੀ ਸਾਲ | ਵਰਦੀ ਭੱਤਾ |
| 2. | ਛੇਵੀਂ ਕਲਾਸ ਤੋਂ ਅਠਵੀਂ ਕਲਾਸ ਲਈ | 3,000/- ਪ੍ਰਤੀ ਸਾਲ | 1000/- ਰੁਪਏ ਪ੍ਰਤੀ ਸਾਲ | ਵਰਦੀ ਭੱਤਾ |
| 3. | 9ਵੀਂ, 10ਵੀਂ, +1 ਅਤੇ +2 | 5,000/- ਪ੍ਰਤੀ ਸਾਲ | 1000/- ਰੁਪਏ ਪ੍ਰਤੀ ਸਾਲ | ਵਰਦੀ ਭੱਤਾ |
| 4. | ਕਾਲਜ ਵਿਦਿਆਰਥੀ (ਹਰ ਤਰਾਂ ਦੀ ਗ੍ਰੈਜੂਏਸ਼ਨ/ਪੋਸਟ ਗ੍ਰੈਜੂਏਸ਼ਨ) | 15,000/- ਪ੍ਰਤੀ ਸਾਲ **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 30,000/- ਪ੍ਰਤੀ ਸਾਲ)** | 4000/- ਰੁਪਏ ਪ੍ਰਤੀ ਸਾਲ | ਕਿਤਾਬਾਂ ਅਤੇ ਸਟੇਸ਼ਨਰੀ ਲਈ ਭੱਤਾ |
| 5. | ਆਈ.ਟੀ.ਆਈ./ ਪਾਲੀਟੈਕਨਿਕ ਵਿੱਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ, ਏ.ਐਨ.ਐਮ/ਜੀ.ਐਨ.ਐਮ ਕੋਰਸ | | | |
| 6. | ਮੈਡੀਕਲ/ ਇੰਜੀਨਅਰਿੰਗ (ਹਰ ਤਰਾਂ ਦੀ ਮੈਡੀਕਲ/ਇੰਜੀਨੀਅਰਿੰਗ ਡਿਗਰੀ ਪੜਾਈ) | 30,000/- ਪ੍ਰਤੀ ਸਾਲ **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 50,000/- ਪ੍ਰਤੀ ਸਾਲ)** | 8,000/- ਰੁਪਏ ਪ੍ਰਤੀ ਸਾਲ | ਕਿਤਾਬਾਂ ਅਤੇ ਸਟੇਸ਼ਨਰੀ ਲਈ ਭੱਤਾ |

**<u>ਸ਼ਰਤਾਂ:-</u>**

**<u>ਵਜੀਫਾ ਸਕੀਮ ਦੀਆਂ ਸ਼ਰਤਾਂ:-</u>**

1. ਪੰਜੀਕ੍ਰਿਤ ਲਾਭਪਾਤਰੀ ਦੇ ਬੱਚਿਆਂ ਨੂੰ ਹੀ ਵਜ਼ੀਫਾ, ਵਰਦੀ ਅਤੇ ਸਿਖਿਆ ਭੱਤਾ ਸਕੀਮ ਦਾ ਲਾਭ ਦਿੱਤਾ ਜਾਵੇਗਾ।
2. ਲਾਭਪਾਤਰੀ ਨੂੰ ਖ਼ੁੱਦ ਵੀ ਪ੍ਰਵਾਨਤ ਸੰਸਥਾ/ ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜ੍ਹਨ ਲਈ ਵਜ਼ੀਫਾ, ਵਰਦੀ ਅਤੇ ਸਿਖਿਆ ਭੱਤਾ ਦਿੱਤਾ ਜਾਵੇਗਾ।
3. ਪਿਛਲੀ ਕਲਾਸ ਵਿੱਚ ਫੇਲ ਹੋਏ ਕੇਸਾਂ ਵਿੱਚ ਵਜ਼ੀਫੇ, ਵਰਦੀ ਅਤੇ ਸਿਖਿਆ ਭੱਤੇ ਮੰਨਜ਼ੂਰ ਨਹੀਂ ਕੀਤੇ ਜਾਣਗੇ।
4. ਜੇਕਰ ਲਾਭਪਾਤਰੀ ਦੇ ਬੱਚਿਆਂ ਨੂੰ ਵਜੀਫਾ/ਵਰਦੀ ਅਤੇ ਸਿਖਿਆ ਭੱਤਾ ਸਕੀਮ ਅਧੀਨ ਕਿਸੇ ਹੋਰ ਸੰਸਥਾ/ ਵਿਭਾਗ ਤੋਂ ਲਾਭ ਮਿਲ ਰਿਹਾ ਹੈ ਤਾਂ ਵੀ ਉਸਨੂੰ ਬੋਰਡ ਵਲੋਂ ਇਸ ਸਕੀਮ ਦਾ ਪੂਰਾ ਲਾਭ ਦਿਤਾ ਜਾਵੇਗਾ।

**ਭਲਾਈ ਸਕੀਮ ਨੰ:4: ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਦੇ ਸ਼ਗਨ ਸਕੀਮ ₹ 21,000/- (ਸ਼ਗਨ ਦੀ ਰਕਮ)** — **ਮਿਤੀ 1.4.13 ਤੋਂ ਸੋਧੀ ਸਕੀਮ**

(ੳ) ਕੇਵਲ ਦੋ ਲੜਕੀਆਂ ਦੀ ਸ਼ਾਦੀ ਦੇ ਮੌਕੇ ਤੇ ਇੱਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ, ਨਾ ਕਿ ਤਲਾਕ ਆਦਿ ਹੋ ਜਾਣ ਦੀ ਸੂਰਤ ਵਿੱਚ ਦੁਬਾਰਾ ਸ਼ਾਦੀ ਕਰਨ ਤੇ ਵੀ।

(ਅ) ਪੰਜੀਕ੍ਰਿਤ ਕਿਰਤੀ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਾਰੀਖ ਤੋਂ ਬਾਅਦ 15 ਦਿਨ ਦੇ ਅੰਦਰ-ਅੰਦਰ ਦਰਖਾਸਤ ਦੇ ਸਕਦਾ ਹੈ। ਸ਼ਾਦੀ ਦੇ ਸਬੂਤ ਵਿਚ ਸਰਪੰਚ ਜਾਂ ਕਿਸੇ ਲੋਕਲ ਅਥਾਰਟੀ ਵਲੋਂ ਦਿਤਾ ਸਰਟੀਫਿਕੇਟ ਦਰਖਾਸਤ ਦੇ ਨਾਲ ਲਗਾਉਂਣਾ ਜ਼ਰੂਰੀ ਹੋਵੇਗਾ।

(ੲ) ਜੇਕਰ ਕਿਸੇ ਹੋਰ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਤੋਂ ਅਜਿਹਾ ਲਾਭ ਮਿਲ ਰਿਹਾ ਹੋਵੇ ਤਾਂ ਵੀ ਪੰਜੀਕ੍ਰਿਤ ਲਾਭਪਾਤਰੀ ਬੋਰਡ ਦੀ ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।

**ਭਲਾਈ ਸਕੀਮ ਨੰ:5: ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਛੁੱਟੀ ਦੋਰਾਨ ਯਾਤਰਾ ਲਈ ਸਹੂਲਤ ₹ 2000/- (ਐਲ.ਟੀ.ਸੀ. ਦੀ ਰਕਮ)** — ਮਿਤੀ 8.3.2013 ਤੋਂ ਸੋਧੀ ਸਕੀਮ

(ੳ) ਉਸਾਰੀ ਕਿਰਤੀ ਕੇਵਲ ਦੂਜੇ ਰਾਜਾਂ ਵਿੱਚ (ਆਪਣੀ ਸਟੇਟ/ Hometown ਨੂੰ ਛੱਡ ਕੇ) ਧਾਰਮਿਕ/ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਨ ਲਈ ਐਲ.ਟੀ.ਸੀ. ਲਈ ਯੋਗ ਹੋਵੇਗਾ। ਦੁਬਾਰਾ 4 ਸਾਲ ਬਾਦ ਇਸ ਸਹੂਲਤ ਦਾ ਲਾਭ ਦਿੱਤਾ ਜਾਵੇਗਾ।

(ਅ) ਐਲ.ਟੀ.ਸੀ. ਦੀ ਸਹੂਲਤ ਯਾਤਰਾ ਤੋਂ ਵਾਪਸ ਆਉਣ ਉਪਰੰਤ ਸਵੈ ਘੋਸ਼ਣਾ/ ਸਬੂਤ (Self declaration / proof) ਪੇਸ਼ ਕਰਨ ਤੇ ਦਿਤੀ ਜਾਵੇਗੀ ਜਿਸ ਬਾਰੇ ਪੜਤਾਲੀਆ ਰਿਪੋਟ ਸਬੰਧਤ ਹਲਕੇ ਦੇ ਕਿਰਤ ਇੰਸਪੈਕਟਰ ਗ੍ਰੇਡ-1/ 2 ਅਪਣੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਨੂੰ ਭੇਜਣ ਲਈ ਜਿੰਮੇਵਾਰ ਹੋਣਗੇ"।

(ੲ) ਕਿਰਤੀ ਵੱਲੋਂ ਸਵੈ-ਘੋਸ਼ਣਾ ਵੀ ਦੇਣੀ ਹੋਵੇਗੀ ਕਿ ਉਹ ਯਾਤਰਾ ਆਪਣੇ ਜੋਖਮ ਤੇ ਕਰੇਗਾ ਅਤੇ ਅਣਸੁਖਾਵੀ ਘਟਨਾ ਵਾਪਰਨ ਤੇ ਬੋਰਡ ਤੋਂ ਕੋਈ ਕਲੇਮ ਨਹੀਂ ਕਰੇਗਾ।

**ਨੋਟ:-** 1. ਬੋਰਡ ਦੇ ਰਜਿਸਟਰਡ ਲਾਭਪਾਤਰੀ ਨੂੰ ਭਾਵੇਂ ਉਕਤ ਲੜੀ ਨੰ: 3, 4 ਅਤੇ 5 ਤੇ ਦਰਜ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ ਸੰਸਥਾ ਤੋਂ ਕੋਈ ਲਾਭ ਮਿਲ ਰਿਹਾ ਹੋਵੇ, ਤਾਂ ਵੀ ਉਸਨੂੰ ਬੋਰਡ ਦੀਆਂ ਸਕੀਮਾਂ ਦਾ ਪੂਰਾ ਲਾਭ ਦਿਤਾ ਜਾਵੇਗਾ।

2. ਬੋਰਡ ਵਲੋਂ ਲੜਕੀ ਦੀ ਸ਼ਾਦੀ ਲਈ ਅਤੇ ਬਾਈਸਾਈਕਲ, ਸਿਲਾਈ ਮਸ਼ੀਨ, ਪੱਖਾ, ਟੈਲੀਵਿਜ਼ਨ, ਕੰਪਿਊਟਰ ਅਤੇ ਕਣਕ ਖਰੀਦ ਲਈ ਜੋ ਵਿਆਜ ਰਹਿਤ ਕਰਜ਼ਾ ਸਕੀਮਾਂ ਚਲਾਈਆਂ ਜਾ ਰਹੀਆਂ ਸਨ, ਉਹ ਬੰਦ ਕਰ ਦਿਤੀਆਂ ਗਈਆ ਹਨ।

**ਭਲਾਈ ਸਕੀਮ ਨੰ:6: ਉਸਾਰੀ ਕੰਮਾਂ ਵਿੱਚ ਲਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਬਾਰੇ ਸਕੀਮ।** — ਮਿਤੀ 1.4.13 ਤੋਂ ਸੋਧੀ ਸਕੀਮ

ਬੋਰਡ ਵੱਲੋਂ ਇਸ ਸਕੀਮ ਅਧੀਨ ਹੇਠ ਦਰਸਾਈਆਂ ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਖਰਚੇ ਦੀ ਪ੍ਰਤੀ-ਪੂਰਤੀ ਲਈ ਵੱਧ ਤੋਂ ਵੱਧ ਇਕ ਲੱਖ ਜਾਂ ਅਸਲ ਖਰਚ ਜੋ ਵੀ ਘੱਟ ਹੋਵੇ ਬਾਰੇ ਪ੍ਰਵਾਨਗੀ ਦਿੱਤੀ ਗਈ:-

1. **Occupational dermatitis.**
2. **Occupational Cancer.**
3. **Asbestosis.**
4. **Silicosis.**
5. **Lead poisoning including poisoning by occupational diseases in building and other construction work to be notified by any preparation or compound of lead or their sequela.**
6. **Benzene poisoning, including poisoning by any of its homologues, their nitro or amino, derivatives or its sequela.**
7. **Occupational asthama.**
8. **Pesticide poisoning.**
9. **Toxic jaundice.**

10. **Toxic anaemia.**
11. **Compressed air illness (Caissons diseases).**
12. **Noise induced hearing loss.**
13. **Toxic nephritis.**
14. **Cancer operation/treatment.**
15. **Heart surgery.**
16. **Kidney transplant.**

ਇਸ ਸਕੀਮ ਅਧੀਨ ਲਾਭ ਲੈਣ ਲਈ ਹੇਠ ਲਿਖੀਆਂ ਸ਼ਰਤਾਂ ਨਿਰਧਾਰਤ ਹਨ:-

(1) ਉਸਾਰੀ ਕਿਰਤੀ - ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਪਾਸ ਬਤੌਰ 'ਲਾਭਪਾਤਰੀ' ਰਜਿਸਟਰ ਹੋਵੇ।

(2) ਜੇਕਰ ਵਿਤੀ ਸਹਾਇਤਾ ਆਸ਼ਰਿਤ ਦੇ ਇਲਾਜ ਲਈ ਲੈਣੀ ਹੋਵੇ, ਤਾਂ ਅਜਿਹਾ ਆਸ਼ਰਿਤ ਲਾਭਪਾਤਰੀ ਉਸਾਰੀ ਕਿਰਤੀ ਦੇ ਪਰੀਵਾਰ ਦਾ ਮੈਂਬਰ ਹੋਣਾ ਚਾਹੀਦਾ ਹੈ ਅਤੇ ਉਸਦੇ ਆਸ਼ਰਿਤ ਹੋਣ ਸਬੰਧੀ ਸਬੂਤ ਪੇਸ਼ ਕਰਨਾ ਪਵੇਗਾ।

(3) ਬਿਮਾਰੀ ਦੇ ਇਲਾਜ ਤੇ ਹੋਏ ਖਰਚੇ ਨੂੰ ਸਿਵਲ ਸਰਜਨ ਵਲੋਂ ਤਸਦੀਕ ਕਰਕੇ ਸਹੀ ਕਰਾਰ ਦਿੱਤਾ ਗਿਆ ਹੋਵੇ।

**ਭਲਾਈ ਸਕੀਮ ਨੰ:7: ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ 'ਐਨਕ (ਨਜਰ ਦੇ ਚਸ਼ਮੇ)', 'ਦੰਦ' ਅਤੇ 'ਸੁਣਨ-ਯੰਤਰ' ਲਗਵਾਉਣ ਲਈ 'ਵਿੱਤੀ ਸਹਾਇਤਾ' ਦੇਣ ਬਾਰੇ ਸਕੀਮ ।** **ਮਿਤੀ 28.5.13 ਤੋਂ ਸ਼ਾਮਿਲ ਨਵੀਂ ਸਕੀਮ**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਪੰਜਾਬ ਰਾਜ ਵਿਚ ਅਪਣੇ ਰਜਿਸਟਰਡ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰੀਵਾਰ ਦੇ ਮੈਂਬਰਾਂ ਨੂੰ ਐਨਕਾਂ (ਨਜ਼ਰ ਦੇ ਚਸ਼ਮੇ), ਦੰਦ ਅਤੇ ਸੁਣਨ-ਯੰਤਰ ਲਗਵਾਉਣ ਵਾਸਤੇ ਹੇਠ ਲਿਖੀਆਂ ਦਰਾਂ ਮੁਤਾਬਕ ਵਿੱਤੀ ਸਹਾਇਤਾ (ਸਬਸਿਡੀ) ਦਿਤੀ ਜਾਂਦੀ ਹੈ:-

| **ਲੜੀ ਨੰ:** | **ਵਸਤੂ ਦਾ ਨਾਂ** | **ਰਕਮ** |
|---|---|---|
| 1. | ਐਨਕ (ਨਜ਼ਰ ਦੇ ਚਸ਼ਮੇ) | ਰੁ: 800/- |
| 2. | ਦੰਦਾਂ ਵਾਸਤੇ | ਰੁ: 5,000/- |
| 3. | ਸੁਣਨ-ਯੰਤਰ ਵਾਸਤੇ | ਰੁ: 6,000/- |

**ਸ਼ਰਤਾਂ**

1. ਉਸਾਰੀ ਕਿਰਤੀ ਬੋਰਡ ਦੇ 'ਲਾਭਪਾਤਰੀ' ਵਜੋਂ ਰਜਿਸਟਰ ਹੋਇਆ ਹੋਵੇ।
2. ਲਾਭਪਾਤਰੀ ਉਸਾਰੀ ਕਿਰਤੀ ਅਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।
3. ਜੇਕਰ ਲਾਭਪਾਤਰੀ ਨੇ ਇਸ ਸਕੀਮ ਅਧੀਨ ਸਹੂਲਤ ਅਪਣੇ ਪਰੀਵਾਰ ਦੇ ਕਿਸੇ ਮੈਂਬਰ ਲਈ ਲੈਣੀ ਹੋਵੇ ਤਾਂ ਅਜਿਹਾ ਮੈਂਬਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਰੂਲਜ਼ 2008 ਦੇ ਰੂਲ 2(t) ਵਿਚ ਦਰਜ 'ਫੈਮਿਲੀ' ਦੀ ਪਰੀਭਾਸ਼ਾ, ਜੋ ਹੇਠ ਪ੍ਰਕਾਰ ਹੈ, ਵਿਚ ਕਵਰ ਹੋਣਾਂ ਚਾਹੀਦਾ ਹੈ:-

   **"2(t) family means the husband or wife, minor sons (including major sons who are insane or physically handicapped and unable to earn), unmarried daughter and the parents of the building worker, who are solely dependant on him"**

4. ਇਸ ਸਕੀਮ ਅਧੀਨ ਵਸਤੂਆਂ ਲਈ ਵਿੱਤੀ ਸਹਾਇਤਾ ਸਰਕਾਰੀ ਮੈਡੀਕਲ ਅਫਸਰ/ਈ.ਐਸ.ਆਈ ਡਿਸਪੈਸਰੀ ਇੰਚਾਰਜ ਵਲੋਂ ਦਿਤੀ ਸਲਾਹ ਦੇ ਅਧਾਰ ਤੇ ਮਨਜੂਰ ਕੀਤੀ ਜਾਵੇਗੀ।

5. ਜੇਕਰ ਲਾਭਪਾਤਰੀ ਜਾਂ ਉਸਦੇ ਪਰਿਵਾਰ ਦੇ ਮੈਂਬਰ ਨੂੰ ਉਕਤ ਵਸਤੂਆਂ ਦੀ ਖ੍ਰੀਦ ਲਈ ਕਿਸੇ ਹੋਰ ਮਹਿਕਮੇ/ਸੰਸਥਾ ਦੀ ਸਕੀਮ ਅਧੀਨ ਵਿਤੀ ਸਹਾਇਤਾ ਮਿਲ ਚੁੱਕੀ ਹੋਵੇ, ਤਾਂ ਉਸ ਨੂੰ ਇਸ ਸਕੀਮ ਅਧੀਨ ਲਾਭ ਨਹੀਂ ਦਿਤਾ ਜਾਵੇਗਾ।

6. ਇਸ ਸਕੀਮ ਅਧੀਨ ਲਾਭਪਾਤਰੀ ਜਾਂ ਉਸਦੇ ਪਰੀਵਾਰ ਦੇ ਮੈਂਬਰ ਨੂੰ ਲਾਭ ਕੇਵਲ ਇੱਕ ਵਾਰ ਹੀ ਦਿੱਤਾ ਜਾਵੇਗਾ।

7. ਲਾਭਪਾਤਰੀ ਨੂੰ ਇਹ ਰਕਮ ਉਸ ਵਲੋਂ ਕੀਤੇ ਗਏ ਅਸਲ ਖਰਚੇ ਜਾਂ ਵਿੱਤੀ ਸਹਾਇਤਾ ਦੀ ਰਕਮ ਜੋ ਵੀ ਘੱਟ ਹੋਵੇ ਅਨੁਸਾਰ ਉਸ ਵਲੋਂ ਪੇਸ਼ ਕੀਤੇ ਗਏ ਅਸਲ ਬਿਲਾਂ ਦੇ ਆਧਾਰ ਤੇ ਦਿੱਤੀ ਜਾਵੇਗੀ।

**ਭਲਾਈ ਸਕੀਮ ਨੰ:8: ਮੌਤ ਹੋਣ ਉਪਰੰਤ ਪੰਜਾਬ ਰਾਜ ਵਿਚ ਉਸਦੇ ਦਾਹ-ਸੰਸਕਾਰ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ ਵਿੱਤੀ ਸਹਾਇਤਾ ਦੇਣ ਬਾਰੇ ਦਰ।** **ਮਿਤੀ 28.5.13 ਤੋਂ ਸ਼ਾਮਿਲ ਨਵੀਂ ਸਕੀਮ**

ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀ ਦੀ ਮੌਤ ਜਾਂ ਉਸਦੇ ਪਰਿਵਾਰਕ ਮੈਂਬਰ ਦੀ ਮੌਤ ਹੋ ਜਾਣ ਉਪਰੰਤ ਪੰਜਾਬ ਰਾਜ ਵਿਚ ਦਾਹ-ਸੰਸਕਾਰ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ 10,000/- ਰੁਪਏ ਦੀ ਰਕਮ **'ਵਿੱਤੀ ਸਹਾਇਤਾ'** ਵਜੋਂ ਹੇਠ ਲਿਖੀਆਂ ਨਿਰਧਾਰਤ ਸ਼ਰਤਾਂ ਅਨੁਸਾਰ ਦਿੱਤੀ ਜਾਂਦੀ ਹੈ:-

1. ਇਹ ਸਕੀਮ ਬੋਰਡ ਦੇ ਮੌਜੂਦਾ ਪੰਜੀਕ੍ਰਿਤ ਲਾਭਪਾਤਰੀ ਜਾਂ ਉਸਦੇ ਪਰਿਵਾਰ ਦੇ ਮੈਂਬਰਾ ਲਈ ਲਾਗੂ ਹੋਵੇਗੀ। ਜੇਕਰ 60 ਸਾਲ ਦੀ ਉਮਰ ਪੂਰੀ ਹੋਣ ਜਾਂ ਕਿਸੇ ਹੋਰ ਕਾਰਣ ਉਸਦੀ ਮੈਂਬਰਸ਼ਿਪ ਸਮਾਪਤ ਹੋ ਜਾਂਦੀ ਹੈ, ਤਾਂ ਇਸ ਸਕੀਮ ਅਧੀਨ ਲਾਭ ਨਹੀਂ ਦਿੱਤਾ ਜਾਵੇਗਾ।
2. ਪੰਜੀਕ੍ਰਿਤ ਕਿਰਤੀ ਜਾਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ (RECS) ਰੂਲਜ਼ 2008 ਦੇ ਰੂਲ 2 (t) ਵਿਚ 'ਫੈਮਲੀ' ਦੀ ਦਿੱਤੀ ਪਰਿਭਾਸ਼ਾ ਅਰਥਾਤ **" 'family' means husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependant on him."** ਅਨੁਸਾਰ ਉਸਦੇ ਪ੍ਰੀਵਾਰ ਦੇ ਮੈਂਬਰ ਦੀ ਮੌਤ ਹੋਣ ਦੀ ਸੂਰਤ ਵਿਚ, ਉਸ ਵਲੋਂ ਜਾਂ ਉਸ ਵਲੋਂ ਨਾਮਜ਼ਦ ਕੀਤੇ ਜਾਂ ਉਸਦੇ ਆਸ਼ਰਿਤਾ ਵਲੋਂ ਅਜਿਹੀ ਮਦਦ ਲਈ ਇੱਕ ਬਿਨੈ-ਪੱਤਰ ਸਬੰਧਤ ਸਹਾਇਕ ਕਿਰਤ ਕਮਿਸ਼ਨਰ ਜਾਂ ਕਿਰਤ ਤੇ ਸੁਲਾਹ ਅਫਸਰ ਨੂੰ ਦਿੱਤਾ ਜਾਵੇਗਾ ਜਿਸ ਨਾਲ ਮ੍ਰਿਤਕ ਵਿਅਕਤੀ ਦੀ ਮੌਤ ਦਾ ਅਸਲ ਸਰਟੀਫਿਕੇਟ ਅਤੇ ਉਸਦੇ ਬੋਰਡ ਦਾ ਰੈਗੂਲਰ ਤੋਰ ਤੇ ਮੈਂਬਰ ਹੋਣ ਦਾ ਸਰਟੀਫਿਕੇਟ/ਸਬੂਤ ਲਗਾਇਆ ਹੋਵੇਗਾ।
3. ਲਾਭਪਾਤਰੀ ਅਪਣੀ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।
4. ਇਸ ਸਕੀਮ ਅਧੀਨ ਅਰਜੀ ਤੇ ਹੋਰ ਭਲਾਈ ਸਕੀਮਾਂ ਵਾਂਗ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਪੈਸਿਆਂ ਦੀ ਮੰਗ ਬੋਰਡ ਦਫਤਰ ਤੋਂ ਕਰਕੇ ਸਬੰਧਤ ਅਧਿਕਾਰੀ ਬਿਨੈਕਾਰ ਨੂੰ ਅਦਾ ਕਰੇਗਾ।

**ਭਲਾਈ ਸਕੀਮ ਨੰ:9: "ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ"** **ਮਿਤੀ 28.5.13 ਤੋਂ ਸ਼ਾਮਿਲ ਨਵੀਂ ਸਕੀਮ**

ਬੋਰਡ ਦੀ ਇਸ ਸਕੀਮ ਅਧੀਨ ਨੈਸ਼ਨਲ ਅਕੈਡਮੀ ਆਫ ਕੰਸਟਰਕਸ਼ਨ, ਹੈਦਰਾਬਾਦ; ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ, ਚੰਡੀਗੜ੍ਹ (**ਪੈਸਕੋ**) ਦੁਆਰਾ ਮੋਹਾਲੀ ਅਤੇ ਬਠਿੰਡਾ ਵਿਖੇ ਸਥਾਪਿਤ 'ਵੋਕੇਸ਼ਨਲ ਟ੍ਰੇਨਿੰਗ ਇੰਸਟੀਚਿਯੂਟ' ਅਤੇ ਐਮ.ਐਸ.ਐਮ.ਈ. ਟੂਲ ਰੂਮ ਜਲੰਧਰ/ ਐਮ.ਐਸ.ਐਮ.ਈ. ਟੂਲ ਰੂਮ ਲੁਧਿਆਣਾ ਜਾਂ ਰਾਜ ਵਿਚ ਕਿਸੇ ਹੋਰ ਮਾਨਤਾ ਪ੍ਰਾਪਤ ਤਕਨੀਕੀ ਸੰਸਥਾ ਦੁਆਰਾ ਥੋੜੇ ਸਮੇਂ ਦੇ ਚਲਾਏ ਜਾ ਰਹੇ ਕੋਰਸਾਂ ਵਿਚ ਪੰਜੀਕ੍ਰਿਤ ਲਾਭਪਾਤਰੀ ਖੁਦ ਅਪਣੀ 'ਸਕਿਲ ਅਪਗ੍ਰੇਡੇਸ਼ਨ' ਲਈ ਤਕਨੀਕੀ ਕੋਰਸ ਕਰ ਸਕਦੇ ਹਨ ਅਤੇ ਇਸ ਦੇ ਨਾਲ-ਨਾਲ ਉਹ ਅਪਣੇ ਬੱਚਿਆਂ ਨੂੰ ਵੀ ਇਨ੍ਹਾਂ ਸੰਸਥਾਵਾਂ ਵਿਚ 'ਵੋਕੇਸ਼ਨਲ ਐਜੂਕੇਸ਼ਨ' ਦੁਆ ਸਕਦੇ ਹਨ।

ਇਸ ਸਕੀਮ ਅਧੀਨ ਪੰਜੀਕ੍ਰਿਤ ਲਾਭਪਾਤਰੀ ਦੀ ਖੁਦ ਦੀ 'ਸਕਿਲ ਅਪਗ੍ਰੇਡੇਸ਼ਨ' ਜਾਂ ਉਨ੍ਹਾਂ ਦੇ ਬੱਚਿਆਂ ਨੂੰ 'ਵੋਕੇਸ਼ਨਲ ਐਜੂਕੇਸ਼ਨ' ਸਬੰਧੀ ਤਕਨੀਕੀ ਕੋਰਸਾਂ ਵਿਚ ਸਿਖਲਾਈ ਪ੍ਰਾਪਤ ਕਰਨ ਲਈ ਪੂਰੀ ਫੀਸ ਅਤੇ ਬੋਰਡਿੰਗ ਐਂਡ ਲੌਜਿੰਗ ਦੇ ਖਰਚੇ ਤੋਂ ਇਲਾਵਾ, ਲਾਭਪਾਤਰੀ ਜਾਂ ਉਸਦੇ ਬੱਚੇ, ਜੇਕਰ ਕੋਰਸ ਹੈਦਰਾਬਾਦ ਤੋਂ ਕਰਨ ਦੇ ਚਾਹਵਾਨ ਹੋਣ ਤਾਂ ਉਨ੍ਹਾਂ ਦੀ ਹੈਦਰਾਬਾਦ ਵਿਖੇ ਆਣ-ਜਾਣ ਲਈ ਜਨਰਲ ਸ਼ਰੇਣੀ ਵਿਚ ਰੇਲਵੇ ਟਿਕਟ ਦੀ ਭਰਪਾਈ ਬੋਰਡ ਵਲੋਂ ਕੀਤੀ ਜਾਵੇਗੀ। ਜੇਕਰ ਉਹ ਪੰਜਾਬ ਰਾਜ ਵਿਚ ਪੈਸਕੋ, ਐਮ.ਐਸ.ਐਮ.ਈ. ਟੂਲ ਰੂਮ ਜਲੰਧਰ/ ਲੁਧਿਆਣਾ ਜਾਂ ਹੋਰ ਕਿਸੇ ਮਾਨਤਾ ਪ੍ਰਾਪਤ ਸੰਸਥਾ ਵਿਚ ਕੋਰਸ ਕਰਦੇ ਹਨ ਤਾਂ ਵੀ ਉਨ੍ਹਾਂ ਦੀ ਕੇਵਲ ਕੋਰਸ ਦੀ ਪੂਰੀ ਫੀਸ ਸਮੇਤ ਬੋਰਡਿੰਗ/ਲੌਜਿੰਗ ਖਰਚ, ਜੋ ਕੋਈ ਹੋਵੇ ਬੋਰਡ ਵਲੋਂ ਅਦਾ ਕੀਤੀ ਜਾਵੇਗੀ।ਇਸ ਤੋਂ ਇਲਾਵਾ ਜੇਕਰ ਪੰਜੀਕ੍ਰਿਤ ਲਾਭਪਾਤਰੀ ਖੁਦ ਸਕਿਲ ਅਪਗ੍ਰੇਡੇਸ਼ਨ ਲਈ ਹੈਦਰਾਬਾਦ ਵਿਖੇ ਜਾਂ ਰਾਜ ਵਿਚ ਕਿਸੇ ਮਾਨਤਾ ਪ੍ਰਾਪਤ ਤਕਨੀਕੀ ਸੰਸਥਾ ਜੁਆਇੰਨ ਕਰਦਾ ਹੈ, ਤਾਂ ਬੋਰਡ ਦੀ ਇਸ ਸਕੀਮ ਅਧੀਨ ਉਸਨੂੰ ਦਿਹਾੜੀ ਟੁੱਟਣ ਦੇ ਇਵਜ਼ ਵਿਚ 5000/- ਰੁਪਏ ਪ੍ਰਤਿ ਮਹੀਨਾ ਦੀ ਵਿੱਤੀ ਸਹਾਇਤਾ ਬਤੌਰ ਵਜ਼ੀਫਾ ਦਿੱਤੀ ਜਾਵੇਗੀ।

## ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਸ਼ਰਤਾਂ

1. ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਉਸਾਰੀ ਕਿਰਤੀ ਵਲੋਂ ਆਪਣੀ ਬਤੌਰ 'ਲਾਭਪਾਤਰੀ' ਰਜਿਸਟ੍ਰੇਸ਼ਨ ਕਰਾਉਣੀ ਜ਼ਰੂਰੀ ਹੋਵੇਗੀ।

2. ਲਾਭਪਾਤਰੀ ਨੂੰ ਆਪਣੀ ਮੈਂਬਰਸ਼ਿਪ ਚਾਲੂ ਰੱਖਣ ਲਈ ਸਰਕਾਰ ਵਲੋਂ ਨਿਰਧਾਰਿਤ ਅੰਸ਼ਦਾਨ ਦੀ ਇਕ ਸਾਲ ਦੀ ਰਕਮ ਐਡਵਾਂਸ ਦੇ ਤੌਰ ਤੇ ਜਮਾਂ ਕਰਾਉਂਣੀ ਲਾਜ਼ਮੀ ਹੋਵੇਗੀ।

3. ਜੇਕਰ ਲਾਭਪਾਤਰੀ ਇਸ ਸਕੀਮ ਅਧੀਨ ਅਪਣੇ ਬੱਚਿਆ ਨੂੰ **'ਵੋਕੇਸ਼ਨਲ ਐਜੂਕੇਸ਼ਨ'** ਦੁਆਉਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਇਹ ਸੁਵਿਧਾ ਕੇਵਲ 2 ਬੱਚਿਆਂ ਲਈ ਹੀ ਦਿਤੀ ਜਾਵੇਗੀ।

4. ਲਾਭਪਾਤਰੀ ਨੂੰ ਇਸ ਸਕੀਮ ਅਧੀਨ ਖੁਦ ਅਪਣੀ **ਸਕਿਲ ਅਪਗ੍ਰੇਡੇਸ਼ਨ** ਜਾਂ ਅਪਣੇ ਬੱਚਿਆਂ ਨੂੰ **ਵੋਕੇਸ਼ਨਲ ਐਜੂਕੇਸ਼ਨ** ਦੁਆਉਣ ਦਾ ਲਾਭ ਲੈਣ ਲਈ ਨਿਰਧਾਰਤ ਪ੍ਰੋਫਾਰਮੇ ਵਿਚ ਅਰਜ਼ੀ ਹੋਰ ਸਕੀਮਾਂ ਵਾਂਗ ਕਿਰਤ ਵਿਭਾਗ ਦੇ ਖੇਤਰੀ ਅਮਲੇ ਦੇ ਦਫਤਰ ਵਿਚ ਦੇਣੀ ਪਵੇਗੀ, ਜਿਸ ਵਿਚ ਉਸ ਨੂੰ ਸਪੱਸ਼ਟ ਤੌਰ ਤੇ ਦਸਣਾ ਪਵੇਗਾ ਕਿ ਉਹ ਕਿਸ ਕੋਰਸ ਲਈ ਅਤੇ ਕਿਸ ਸੰਸਥਾ ਰਾਹੀਂ ਸਕਿਲ ਅਪਗ੍ਰੇਡੇਸ਼ਨ/ਵੋਕੇਸ਼ਨਲ ਐਜੂਕੇਸ਼ਨ ਲੈਣ ਦਾ ਚਾਹਵਾਨ ਹੈ। ਜੇਕਰ ਲਾਭਪਾਤਰੀ ਸਕੀਮ ਦੀਆਂ ਬਾਕੀ ਸ਼ਰਤਾਂ ਪੂਰੀਆਂ ਕਰਦਾ ਹੋਵੇ ਤਾਂ ਹਲਕੇ ਦੇ ਸਹਾਇਕ ਕਿਰਤ ਕਮਿਸਨਰ/ ਕਿਰਤ ਤੇ ਸੁਲਾਹ ਅਫਸਰ ਵਲੋਂ ਸਬ ਡਵੀਜਨਲ ਪੱਧਰ ਤੇ ਬਣਾਈ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਸਬੰਧਤ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਉਪਰੰਤ ਯੋਗ ਪਾਏ ਗਏ ਉਮੀਦਵਾਰਾਂ ਦੀ ਸਿਫਾਰਸ਼ ਬੋਰਡ ਦੇ ਸਦਰ ਦਫਤਰ ਨੂੰ ਭੇਜੀ ਜਾਵੇਗੀ। ਇਸ ਉਪਰੰਤ ਬੋਰਡ ਦੇ ਸਦਰ ਦਫਤਰ ਵਲੋਂ ਲਾਭਪਾਤਰੀ ਦੀ ਖੁਦ ਸਕਿਲ ਅਪਗ੍ਰੇਡੇਸ਼ਨ ਜਾਂ ਉਸਦੇ ਬੱਚਿਆਂ ਲਈ ਵੋਕੇਸ਼ਨਲ ਐਜੂਕੇਸ਼ਨ ਵਾਸਤੇ ਨਾਮ ਸਬੰਧਤ ਸੰਸਥਾ ਨੂੰ ਭੇਜੇ ਜਾਣਗੇ ਤਾਂ ਜੋ ਸੰਸਥਾ ਟ੍ਰੇਨਿੰਗ ਕੋਰਸ/ਵੋਕੇਸ਼ਨਲ ਐਜੂਕੇਸ਼ਨ ਦੇਣ ਲਈ ਬੈਚ ਬਣਾਕੇ ਬੋਰਡ ਅਤੇ ਸਬੰਧਤ ਪ੍ਰਾਰਥੀ ਨੂੰ ਸੂਚਿਤ ਕਰ ਸਕੇ। ਕੋਰਸ ਤੇ ਆਉਂਣ ਵਾਲਾ ਖਰਚਾ ਬੋਰਡ ਦੁਆਰਾ ਸਬੰਧਤ ਸੰਸਥਾ ਵਲੋਂ ਬਿਲ ਪੇਸ਼ ਕਰਨ ਤੇ ਸਿੱਧਾ ਅਦਾ ਕੀਤਾ ਜਾਵੇਗਾ। ਜੇਕਰ ਉਮੀਦਵਾਰ ਸੰਸਥਾ ਦੇ ਹੋਸਟਲ ਵਿਚ ਰਿਹਾਇਸ਼ ਅਤੇ ਖਾਣ-ਪੀਣ ਦੀ ਸੁਵਿਧਾ ਲੈਂਦਾ ਹੈ, ਤਾਂ ਇਸ ਸਬੰਧੀ ਖਰਚਾ ਬੋਰਡ ਵਲੋਂ ਸਬੰਧਤ ਸੰਸਥਾ ਨਾਲ ਹੋਏ ਐਗਰੀਮੈਂਟ ਅਨੁਸਾਰ ਕੀਤਾ ਜਾਵੇਗਾ।

5. ਲਾਭਪਾਤਰੀ ਜਾਂ ਉਸਦੇ ਬੱਚਿਆਂ ਨੂੰ ਹੈਦਰਾਬਾਦ ਵਿਖੇ ਕੋਰਸ ਵਿਚ ਦਾਖਲਾ ਲੈਣ ਲਈ ਜਾਣ ਅਤੇ ਕੋਰਸ ਦੀ ਸਮਾਪਤੀ ਉਪਰੰਤ ਵਾਪਸ ਆਉਣ ਲਈ ਜਨਰਲ ਸ਼ਰੇਣੀ ਵਿਚ ਰੇਲਵੇ/ਬੱਸ ਵਿਚ ਯਾਤਰਾ-ਭਾੜਾ ਦੀ ਪ੍ਰਤਿਪੂਰਤੀ, ਉਸ ਵਲੋਂ ਬਿਨੈ-ਪੱਤਰ ਸਮੇਤ ਯਾਤਰਾ-ਟਿਕਟ ਪੇਸ਼ ਕਰਨ ਤੇ ਬੋਰਡ ਵਲੋਂ ਕੀਤੀ ਜਾਵੇਗੀ। ਲੇਕਿਨ ਲਾਭਪਾਤਰੀ ਜਾਂ ਉਸਦੇ ਬੱਚਿਆਂ ਨੂੰ ਪੰਜਾਬ ਰਾਜ ਵਿਚ ਅਜਿਹੀ ਟ੍ਰੇਨਿੰਗ/ਕੋਰਸ ਲਈ ਕਿਸੇ ਲਈ ਸੰਸਥਾ ਵਿਚ ਆਣ-ਜਾਣ ਦਾ ਕੋਈ ਖਰਚਾ ਨਹੀਂ ਦਿਤਾ ਜਾਵੇਗਾ।

6. ਇਸ ਸਕੀਮ ਅਧੀਨ ਲਾਭਪਾਤਰੀ ਜਾਂ ਉਸ ਦੇ ਬੱਚੇ ਪਹਿਲੀ ਵਾਰ **ਸਕਿਲ ਅਪਗ੍ਰੇਡੇਸ਼ਨ ਜਾਂ ਵੋਕੇਸ਼ਨਲ ਐਜੂਕੇਸ਼ਨ** ਦਾ ਕੋਰਸ ਕਰਨ ਉਪਰੰਤ, ਜੇਕਰ ਦੁਬਾਰਾ ਹੋਰ ਕਈ ਕੋਰਸ ਕਰਨ ਦੇ ਚਾਹਵਾਨ ਹੋਣ ਤਾਂ ਪੰਜ ਸਾਲ ਦੇ ਵਕਫੇ ਉਪਰੰਤ ਹੀ ਨਵਾਂ ਕੋਰਸ ਜੁਆਇਨ ਕਰ ਸਕਣਗੇ। ਸ਼ਰਤ ਇਹ ਵੀ ਹੈ ਕਿ ਜੇਕਰ ਲਾਭਪਾਤਰੀ ਜਾਂ ਉਸ ਦਾ ਬੱਚਾ ਪਹਿਲਾਂ ਜੁਆਇੰਨ ਕੀਤਾ ਟ੍ਰੇਨਿੰਗ/ਕੋਰਸ ਮੁਕੰਮਲ ਨਹੀਂ ਕਰਦਾ ਤਾਂ ਉਸਨੂੰ ਭਵਿੱਖ ਵਿਚ ਕਿਸੇ ਵੀ ਟ੍ਰੇਨਿੰਗ/ ਕੋਰਸ ਲਈ ਯੋਗ ਨਹੀਂ ਸਮਝਿਆ ਜਾਵੇਗਾ।

7. ਇਸ ਸਕੀਮ ਅਧੀਨ ਲਾਭ ਲੈਂਣ ਲਈ ਪ੍ਰਾਰਥੀ ਨੂੰ ਬਿਨੈ-ਪੱਤਰ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਅਤੇ ਕਿਰਤ ਇੰਸਪੈਕਟਰ ਗ੍ਰੇਡ-1 ਅਤੇ 2 ਦੇ ਦਫਤਰ ਵਿਚ ਦੇਣਾ ਪਵੇਗਾ।

8. ਪੰਜੀਕ੍ਰਿਤ ਉਸਾਰੀ ਕਿਰਤੀ ਦੇ ਬੱਚੇ ਕੰਸਟਰਕਸ਼ਨ ਖੇਤਰ ਦੇ ਕੰਮਾਂ ਤੋਂ ਇਲਾਵਾ, ਹੋਰ ਖੇਤਰਾਂ ਵਿਚ ਵੀ 'ਵੋਕੇਸ਼ਨਲ ਐਜੂਕੇਸ਼ਨ' ਪ੍ਰਾਪਤ ਕਰ ਸਕਣਗੇ।

**ਭਲਾਈ ਸਕੀਮ ਨੰ:10 ਬੋਰਡ ਵਲੋਂ ਲੇਬਰ ਸ਼ੈਡ ਬਨਾਉਣ ਸਬੰਧੀ ਸਕੀਮ।**

ਬੋਰਡ ਵਲੋਂ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ, 1996 ਦੀ ਧਾਰਾ 22 (2) ਵਿੱਚ ਦਰਜ ਉਪਬੰਧਾਂ ਨੂੰ ਮੁੱਖ ਰੱਖਕੇ ਹੇਠ ਦੱਸੇ ਤਿੰਨ ਮਾਡਲ ਨਕਸ਼ਿਆਂ, ਸਾਈਜ਼ ਅਤੇ ਉਨ੍ਹਾਂ ਤੇ ਆਉਣ ਵਾਲੇ ਅੰਦਾਜ਼ਨ ਖਰਚੇ ਅਨੁਸਾਰ ਲੇਬਰ ਸ਼ੈਡਾਂ ਦਾ ਨਿਰਮਾਣ ਕੀਤਾ ਜਾਵੇਗਾ:-

| S.No. | Type of Shed | Size | Appx plot/ land size required | Approx Cost (Rs.) |
|---|---|---|---|---|
| 1. | 50 persons | 48'6"x21'0" | 70'0"x35'0" | 16,15,000/- |
| 2. | 100 persons | 50'3"x31'0" | 70'0"x45'0" | 24,60,600/- |
| 3. | 150 persons | 60'3"x36'6" | 75'0"x50'0" | 29,58,000/- |

ਲੇਬਰ ਸ਼ੈਡ ਦੀ ਉਸਾਰੀ ਲੋਕਲ ਅਥਾਰਟੀ ਜਿਵੇਂ ਕਿ ਮਿਉਂਸਪਲ ਕਮੇਟੀ, ਇੰਪਰੂਵਮੈਂਟ ਟ੍ਰਸਟ, ਮਿਉਂਸਪਲ ਕਾਰਪੋਰੇਸ਼ਨ, ਗਰਾਮ-ਪੰਚਾਇਤ ਜਾਂ ਸਰਕਾਰ ਵਲੋਂ ਪ੍ਰਵਾਨਤ ਅਜਿਹੀ ਹੋਰ ਅਥਾਰਟੀ ਵਲੋਂ ਮੁਹੱਈਆ ਕਰਵਾਈ ਜਮੀਨ ਉਤੇ ਢੁੱਕਵੀਂ ਥਾਂ ਜਿਥੇ ਕਿ ਉਸਾਰੀ ਕਿਰਤੀ ਕੰਮ ਦੀ ਭਾਲ ਵਿਚ ਇਕੱਠੇ ਹੁੰਦੇ ਹਨ, ਵਲੋਂ ਕੀਤੀ ਜਾਵੇਗੀ। ਇਸ ਮੰਤਵ ਲਈ ਬੋਰਡ ਵਲੋਂ ਸਬੰਧਤ ਲੋਕਲ ਅਥਾਰਟੀ ਨੂੰ ਉਸਾਰੀ ਉਤੇ ਕੀਤੇ ਖਰਚੇ ਸਬੰਧੀ ਨਿਰਧਾਰਿਤ ਰਾਸ਼ੀ ਬਤੌਰ 'ਸਬਸਿਡੀ' ਦਿਤੀ ਜਾਵੇਗੀ।

ਇਸ ਸਕੀਮ ਨੂੰ ਲਾਗੂ ਕਰਨ ਲਈ ਹੇਠ ਲਿਖੀਆਂ ਸ਼ਰਤਾਂ ਤਹਿ ਕੀਤੀਆਂ ਗਈਆਂ ਹਨ: -

1. ਲੋਕਲ ਅਥਾਰਟੀ ਜਿਵੇਂ ਮਿਉਂਸਪਲ ਕਮੇਟੀ, ਇਪਰੂਵਮੈਂਟ ਟ੍ਰਸ਼ਟ, ਮਿਉਂਸਪਲ ਕਾਰਪੋਰੇਸ਼ਨ, ਗਰਾਮ-ਪ੍ਰਚਾਇਤ ਜਾਂ ਸਰਕਾਰ ਵਲੋਂ ਪ੍ਰਵਾਨਤ ਅਜਿਹੀ ਹੋਰ ਅਥਾਰਟੀ ਨੂੰ ਅਪਣੀ ਜਮੀਨ ਉਤੇ 'ਲੇਬਰ ਸ਼ੈਡ' ਬਨਾਉਂਣ ਲਈ ਅਪਣੇ ਜਿਲੇ ਦੇ ਡਿਪਟੀ ਕਮਿਸ਼ਨਰ ਰਾਹੀਂ ਲਿਖਤੀ ਅਰਜੀ ਬੋਰਡ ਨੂੰ ਭੇਜਣੀ ਪਵੇਗੀ, ਜਿਸ ਵਿਚ ਲੋਕਲ ਅਥਾਰਟੀ ਵਲੋਂ ਇਹ ਸਰਟੀਫਿਕੇਟ ਦਿਤਾ ਜਾਵੇਗਾ ਕਿ ਉਸਾਰੀ ਕਿਰਤੀਆਂ ਲਈ 'ਲੇਬਰ ਸ਼ੈਡ' ਲਈ ਪ੍ਰਸਤਾਵਿਤ ਜਮੀਨ ਹਰ ਪੱਖੋਂ ਢੁੱਕਵੀਂ ਹੈ । ਇਹ ਵੀ ਫੈਸਲਾ ਹੋਇਆ ਕਿ ਕਿਉਂ ਜੋ ਲੋਕਲ ਅਥਾਰਿਟੀ ਵਲੋਂ ਸ਼ਹਿਰਾਂ ਵਿੱਚ ਜ਼ਮੀਨ ਮੁਫ਼ਤ ਉਪਲਬਧ ਕਰਵਾਈ ਜਾਵੇਗੀ, ਜਿਸ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ, ਇਸ ਲਈ ਲੇਬਰ ਸ਼ੈਡ ਦੇ ਨਿਰਮਾਣ ਉੱਤੇ ਆਉਣ ਵਾਲਾ 100% ਖਰਚਾ ਬੋਰਡ ਵਲੋਂ ਲੋਕਲ ਅਥਾਰਿਟੀ ਨੂੰ ਸਬਸਿਡੀ ਦੇ ਰੂਪ ਵਿੱਚ ਐਡਵਾਂਸ ਅਦਾ ਕੀਤਾ ਜਾਵੇਗਾ ਅਤੇ ਫੰਡ ਟ੍ਰਾਂਸਫਰ ਕਰਦੇ ਸਮੇਂ ਇਹ ਸ਼ਰਤ ਲਗਾਈ ਜਾਵੇਗੀ ਕਿ ਲੋਕਲ ਅਥਾਰਿਟੀ ਵਲੋਂ ਇਨ੍ਹਾਂ ਫੰਡਾਂ ਦਾ ਵਖਰਾ ਅਕਾਊਂਟ ਰੱਖਿਆ ਜਾਵੇਗਾ ਅਤੇ ਇਨ੍ਹਾਂ ਨੂੰ ਲੋਕਲ ਅਥਾਰਿਟੀ ਦੇ ਕਿਸੇ ਹੋਰ ਫੰਡਾਂ ਵਿੱਚ ਰਲਾਇਆ ਨਹੀਂ ਜਾਵੇਗਾ।
2. ਲੇਬਰ ਸ਼ੈਡ ਉਸੇ ਥਾਂ ਤੇ ਬਨਾਉਣਾ ਚਾਹੀਦਾ ਹੈ ਜਿਥੇ ਕਿ ਕਿਰਤੀ ਕੰਮ ਦੀ ਭਾਲ ਲਈ ਖੜੇ ਹੁੰਦੇ ਹਨ। ਇਸ ਤੋਂ ਇਲਾਵਾ ਲੋਕਲ ਅਥਾਰਟੀ ਵਲੋਂ ਅਪਣੀ ਅਰਜੀ ਵਿਚ ਇਹ ਸਰਟੀਫਿਕੇਟ ਦੇਣਾਂ ਹੋਵੇਗਾ ਕਿ 'ਲੇਬਰ ਸ਼ੈਡ' ਬੋਰਡ ਵਲੋਂ ਪ੍ਰਵਾਨਤ ਮਾਡਲ ਨਕਸ਼ੇ, ਸਾਈਜ ਅਤੇ ਪ੍ਰਵਾਨਤ ਰਕਮ ਅਨੁਸਾਰ ਬਣਾਇਆ ਜਾਵੇਗਾ ਅਤੇ ਉਹ ਕੇਵਲ 'ਉਸਾਰੀ ਕਿਰਤੀਆਂ' ਦੀ ਭਲਾਈ ਲਈ ਹੀ ਵਰਤਿਆ ਜਾਵੇਗਾ। ਲੋਕਲ ਅਥਾਰਟੀ ਵਲੋਂ ਇਹ ਸਰਟੀਫਿਕੇਟ ਦੇਣ ਤੋਂ ਬਾਦ ਹੀ ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਅਨੁਸਾਰ ਬੋਰਡ ਵਲੋਂ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਰਾਹੀਂ ਸਬਸਿਡੀ ਦੀ ਰਕਮ ਰਿਲੀਜ਼ ਕੀਤੀ ਜਾਵੇਗੀ।
3. ਲੇਬਰ ਸ਼ੈਡ ਮੁਕੰਮਲ ਹੋਂਣ ਉਪਰੰਤ ਲੋਕਲ ਅਥਾਰਟੀ ਵਲੋਂ **'ਵਰਤੋਂ ਸਰਟੀਫਿਕੇਟ'** ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਨੂੰ ਦੇਣਾਂ ਹੋਵੇਗਾ ਜਿਹੜੇ ਕਿ ਅਪਣੇ ਪ੍ਰਤਿ-ਹਸਤਾਖਰ ਕਰਨ ਉਪਰੰਤ ਬੋਰਡ ਦੇ ਸਦਰ ਦਫਤਰ ਨੂੰ ਭੇਜਣਗੇ।
4. ਲੇਬਰ ਸ਼ੈਡ ਉਤੇ ਬੋਰਡ ਦਾ ਨਾਂ ਲਿਖਵਾਇਆ ਜਾਵੇਗਾ ਅਤੇ ਲੇਬਰ ਸ਼ੈਡ ਦੇ ਅੰਦਰ ਇਕ ਬੋਰਡ ਲਟਕਾਇਆ ਜਾਵੇਗਾ ਜਿਸ ਉਤੇ ਉਸਾਰੀ ਕਿਰਤੀਆਂ ਦੀ ਜਾਣਕਾਰੀ ਲਈ 'ਭਲਾਈ ਸਕੀਮਾਂ' ਦੇ ਵੇਰਵੇ ਦਰਜ ਕੀਤੇ ਜਾਣਗੇ।
5. ਲੇਬਰ ਸ਼ੈਡ ਦੇ ਰੱਖ-ਰਖਾਵ ਨੂੰ ਸੁਨਿਸ਼ਚਿਤ ਕਰਨਾ ਬਹੁਤ ਜ਼ਰੂਰੀ ਹੈ, ਵਰਨਾ ਕੁਝ ਸਮੇਂ ਉਪਰੰਤ ਦੇਖ-ਰੇਖ ਨਾ ਹੋਣ ਕਾਰਣ ਇਹ ਸੰਪਤੀ ਵਰਤੋਂ ਯੋਗ ਨਹੀਂ ਰਹੇਗੀ। ਰੱਖ-ਰੱਖਾਵ ਬਾਰੇ ਫੈਸਲਾ ਵਿਚਾਰ ਅਧੀਨ ਹੈ ਜੋ ਕਿ ਬਾਅਦ ਵਿਚ ਸਰਕੂਲੇਟ ਕੀਤਾ ਜਾਵੇਗਾ।
6. ਹੋ ਸਕਦਾ ਹੈ ਕਿ ਜਿਥੇ ਲੋਕਲ ਅਥਾਰਿਟੀ ਵਲੋਂ ਲੇਬਰ ਸ਼ੈਡ ਦੀ ਉਸਾਰੀ ਕੀਤੀ ਜਾਣੀ ਹੈ, ਉਥੇ ਬੋਰਡ ਵਲੋਂ ਪ੍ਰਵਾਨਤ ਨਕਸ਼ੇ ਅਨੁਸਾਰ ਜਗ੍ਹਾ ਉਪਲਬਧ ਨਾ ਹੋਵੇ। ਅਜਿਹੀ ਸਥਿਤੀ ਵਿੱਚ ਲੋਕਲ ਅਥਾਰਿਟੀ ਨੂੰ ਆਪਣੇ ਪਾਸ ਉਪਲਬਧ ਜਗ੍ਹਾ ਮੁਤਾਬਕ ਬੋਰਡ ਦੁਆਰਾ ਪ੍ਰਵਾਨਤ ਨਕਸ਼ੇ ਦੇ ਸਾਰੇ ਮੁੱਖ ਫੀਚਰ ਸ਼ਾਮਲ ਕਰਦੇ ਹੋਏ, ਜਿਸ ਵਿੱਚ ਉਸਾਰੀ ਕਿਰਤੀਆਂ ਦੇ ਬੈਠਣ ਲਈ ਬੈਂਚ, ਟਾਇਲਟ ਅਤੇ ਪੀਣ ਦੇ ਪਾਣੀ ਦੀ ਵਿਅਵਸਥਾ ਹੋਵੇ, ਅਨੁਸਾਰ ਢੁੱਕਵਾਂ ਨਕਸ਼ਾ ਤਿਆਰ ਕਰਕੇ ਉਸਾਰੀ ਕਰਨ ਤੋਂ ਪਹਿਲਾਂ ਬੋਰਡ ਦੀ ਪੂਰਵ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ।

**ਭਲਾਈ ਸਕੀਮ ਨੰ: 11 ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰੀਵਾਰਕ ਮੈਂਬਰਾਂ ਲਈ 'ਜਨਰਲ ਸਰਜਰੀ' ਵਾਸਤੇ ਵਿੱਤੀ ਸਹਾਇਤਾ ਸਕੀਮ।**

ਮਿਤੀ 3.9.2013 ਤੋਂ ਸ਼ਾਮਲ ਨਵੀਂ ਸਕੀਮ

ਬੋਰਡ ਵਲੋਂ 'ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰੀਵਾਰਕ ਮੈਂਬਰਾਂ ਲਈ 'ਜਨਰਲ ਸਰਜਰੀ' ਦੇ ਖਰਚੇ ਲਈ ਉਸਨੂੰ ਵੱਧ ਤੋਂ ਵੱਧ 20,000/- ਰੁਪਏ ਜਾਂ ਜੋ ਅਸਲ ਖਰਚ ਹੋਵੇ, ਦੋਨੋ ਵਿਚੋਂ ਜੋ ਵੀ ਘੱਟ ਹੋਵੇ, ਵਿੱਤੀ ਸਹਾਇਤਾ ਵਜੋਂ ਦੇਣ ਲਈ ਸਕੀਮ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਪ੍ਰਵਾਨ ਕੀਤੀ ਗਈ:-

1) ਉਸਾਰੀ ਕਿਰਤੀ ਬੋਰਡ ਵਿਚ ਬਤੌਰ 'ਲਾਭਪਾਤਰੀ' ਰਜਿਸਟਰ ਹੋਇਆ ਹੋਵੇ ਅਤੇ ਆਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮ੍ਹਾ ਕਰਵਾ ਰਿਹਾ ਹੋਵੇ।

2) ਜੇਕਰ ਲਾਭਪਾਤਰੀ ਨੇ ਇਸ ਸਕੀਮ ਅਧੀਨ ਲਾਭ ਆਪਣੇ ਪਰੀਵਾਰ ਦੇ ਕਿਸੇ ਮੈਂਬਰ ਲਈ ਲੈਣਾ ਹੋਵੇ ਤਾਂ ਅਜਿਹਾ ਮੈਂਬਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਰੂਲਜ਼, 2008 ਦੇ ਰੂਲ 2(t) ਵਿਚ ਦਰਜ 'ਫੈਮਲੀ' ਦੀ ਪਰੀਭਾਸ਼ਾ ਵਿਚ ਕਵਰ ਹੋਣਾ ਚਾਹੀਦਾ ਹੈ, ਜੋਕਿ ਹੇਠ ਪ੍ਰਕਾਰ ਹੈ:

   2(t) "family" means the husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependent on him;"

3) ਜਿਹੜਾ ਲਾਭਪਾਤਰੀ ਈ.ਐਸ.ਆਈ ਦੀ ਸਕੀਮ ਵਿਚ ਕਵਰ ਹੁੰਦਾ ਹੈ, ਉਸ ਨੂੰ ਇਸ ਸਕੀਮ ਅਧੀਨ ਲਾਭ ਨਹੀਂ ਦਿੱਤਾ ਜਾਵੇਗਾ।

4) ਇਸ ਸਕੀਮ ਅਧੀਨ ਲਾਭਪਾਤਰੀ ਖੁਦ ਜਾਂ ਆਪਣੇ ਪਰੀਵਾਰ ਦੇ ਕਿਸੇ ਮੈਂਬਰ ਦੀ ਕਿਸੇ ਪ੍ਰਕਾਰ ਦੀ ਜਨਰਲ ਸਰਜਰੀ ਦੇ ਖਰਚੇ ਲਈ ਵਿੱਤੀ ਸਹਾਇਤਾ ਲੈਣ ਦਾ ਹੱਕਦਾਰ ਹੋਵੇਗਾ। ਅਜਿਹੀ ਵਿਤੀ ਸਹਾਇਤਾ ਲਾਭਪਾਤਰੀ ਜਾਂ ਉਸ ਦਾ ਪ੍ਰੀਵਾਰਕ ਮੈਂਬਰ ਵਿਤੀ ਸਾਲ ਦੌਰਾਨ ਸਿਰਫ ਇਕ ਵਾਰ ਪ੍ਰਾਪਤ ਕਰ ਸਕੇਗਾ।

5) ਇਸ ਸਕੀਮ ਅਧੀਨ ਅਰਜੀ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਜਾਂ ਕਿਰਤ ਇੰਸਪੈਕਟਰ ਗ੍ਰੇਡ-1/2 ਦੇ ਦਫਤਰ ਵਿਚ ਦਿਤੀ ਜਾਵੇਗੀ।

6) ਹੋਰ ਭਲਾਈ ਸਕੀਮਾਂ ਵਾਂਗ ਇਸ ਸਕੀਮ ਅਧੀਨ ਵੀ ਅਰਜੀ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ, ਸਬੰਧਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਪੈਸਿਆਂ ਦੀ ਮੰਗ ਬੋਰਡ ਤੋਂ ਕਰਕੇ ਸਬੰਧਤ ਅਧਿਕਾਰੀ ਲਾਭਪਾਤਰੀ ਨੂੰ ਅਦਾ ਕਰੇਗਾ।

7) ਲਾਭਪਾਤਰੀ ਜਾਂ ਉਸ ਦਾ ਪ੍ਰੀਵਾਰਕ ਮੈਂਬਰ ਜਨਰਲ ਸਰਜਰੀ ਕਿਸੇ ਵੀ ਸਰਕਾਰੀ ਜਾਂ ਪ੍ਰਾਈਵੇਟ ਡਾਕਟਰ ਪਾਸੋਂ ਕਰਵਾ ਸਕਦਾ ਹੈ ਲੇਕਿਨ ਪ੍ਰਾਈਵੇਟ ਡਾਕਟਰ ਪਾਸੋਂ ਕਰਾਏ ਗਏ ਇਲਾਜ ਦੇ ਖਰਚੇ ਸਬੰਧੀ ਸਬੰਧਤ ਸਿਵਲ ਸਰਜਨ ਵਲੋਂ ਜਿਤਨੀ ਰਕਮ ਸਹੀ ਕਰਾਰ ਦਿਤੀ ਜਾਵੇਗੀ (ਵੱਧ ਤੋਂ ਵੱਧ 20,000/-) ਉਤਨੀ ਹੀ ਮਿਲਣ ਯੋਗ ਹੋਵੇਗੀ।

**ਭਲਾਈ ਸਕੀਮ ਨੰ: 12 ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਪੈਨਸ਼ਨ ਸਕੀਮ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਪੈਨਸ਼ਨ ਲੈਣ ਦੇ ਹੱਕਦਾਰ ਹੋਣਗੇ:-

1. ਅਜਿਹੇ ਪੰਜੀਕ੍ਰਿਤ ਉਸਾਰੀ ਕਿਰਤੀ ਜਿਨ੍ਹਾਂ ਦੀ ਉਮਰ 60 ਸਾਲ ਪੂਰੀ ਹੋ ਚੁੱਕੀ ਹੋਵੇ ਅਤੇ ਉਨ੍ਹਾਂ ਦੀ ਬੋਰਡ ਪਾਸ ਮੈਂਬਰਸ਼ਿਪ ਘੱਟੋ-ਘੱਟ 5 ਸਾਲ ਦੀ ਹੋਵੇ ਅਤੇ ਉਸ ਵਲੋਂ ਲਗਾਤਾਰ ਪੂਰੀ ਅੰਸ਼ਦਾਨ ਦੀ ਰਾਸ਼ੀ ਜਮਾਂ ਕਰਵਾਈ ਹੋਵੇ, ਨੂੰ ਬੋਰਡ ਵਲੋਂ 4000/- ਰੁਪਏ ਪ੍ਰਤੀ ਸਾਲ ਪੈਨਸ਼ਨ ਦਿਤੀ ਜਾਵੇਗੀ।

2. ਜਿਹੜੇ ਪੰਜੀਕ੍ਰਿਤ ਉਸਾਰੀ ਕਿਰਤੀ ਦੀ ਮੈਂਬਰਸ਼ਿਪ ਲਗਾਤਾਰ 10 ਸਾਲ ਪੂਰੀ ਹੋ ਚੁੱਕੀ ਹੋਵੇ ਅਤੇ ਉਸਨੇ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾਈ ਹੋਵੇ, ਉਸਨੂੰ 60 ਸਾਲ ਦੀ ਉਮਰ ਪੂਰੀ ਕਰਨ ਤੇ 6000/- ਰੁਪਏ ਸਾਲਾਨਾ ਪੈਨਸ਼ਨ ਦਿਤੀ ਜਾਵੇਗੀ।

3. ਜਿਹੜੇ ਪੰਜੀਕ੍ਰਿਤ ਉਸਾਰੀ ਕਿਰਤੀ ਦੀ ਮੈਂਬਰਸ਼ਿਪ ਲਗਾਤਾਰ 15 ਸਾਲ ਪੂਰੀ ਹੋ ਚੁੱਕੀ ਹੋਵੇ ਅਤੇ ਉਸਨੇ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾਈ ਹੋਵੇ, ਉਸਨੂੰ 60 ਸਾਲ ਦੀ ਉਮਰ ਪੂਰੀ ਕਰਨ ਤੇ 8000/- ਰੁਪਏ ਸਾਲਾਨਾ ਪੈਨਸ਼ਨ ਦਿਤੀ ਜਾਵੇਗੀ।

4. ਜਿਹੜੇ ਪੰਜੀਕ੍ਰਿਤ ਉਸਾਰੀ ਕਿਰਤੀ ਦੀ ਮੈਂਬਰਸ਼ਿਪ ਲਗਾਤਾਰ 20 ਸਾਲ ਜਾਂ ਇਸ ਤੋਂ ਉਪਰ ਹੋ ਚੁੱਕੀ ਹੈ ਅਤੇ ਉਸ ਵਲੋਂ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾਈ ਹੋਵੇ, ਉਸਨੂੰ 60 ਸਾਲ ਦੀ ਉਮਰ ਪੂਰੀ ਕਰਨ ਤੇ 10000/- ਰੁਪਏ ਸਾਲਾਨਾ ਪੈਨਸ਼ਨ ਦਿਤੀ ਜਾਵੇਗੀ।

5. ਜੇਕਰ ਕੋਈ ਪੰਜੀਕ੍ਰਿਤ ਲਾਭਪਾਤਰੀ ਘੱਟ ਤੋਂ ਘੱਟ ਇਕ ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ ਪੂਰਨ ਤੌਰ ਤੇ ਅਪਾਹਜ਼ ਹੋ ਜਾਂਦਾ ਹੈ ਤਾਂ ਉਸਨੂੰ ਵੀ 4000/- ਰੁਪਏ ਸਾਲਾਨਾ ਪੈਨਸ਼ਨ ਅਪਾਹਜ਼ ਹੋਣ ਦੀ ਮਿਤੀ ਤੋਂ ਦਿਤੀ ਜਾਵੇਗੀ। ਪੂਰਨ ਅਪੰਗਤਾ ਬਾਰੇ ਸਰਟੀਫਿਕੇਟ ਜਿਲ੍ਹੇ ਦੇ ਸਿਵਲ ਸਰਜਨ ਵਲੋਂ ਦਿਤਾ ਜਾਵੇਗਾ।

6. ਜੇਕਰ ਕਿਸੇ ਪੰਜੀਕ੍ਰਿਤ ਲਾਭਪਾਤਰੀ ਦੀ ਘੱਟੋ-ਘੱਟ ਇਕ ਸਾਲ ਦੀ ਮੈਂਬਰਸ਼ਿਪ ਉਪਰੰਤ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਪਤਨੀ ਜਾਂ ਪਤੀ ਨੂੰ ਪੈਨਸ਼ਨ ਦੀ ਅੱਧੀ ਰਕਮ (2000/- ਰੁਪਏ ਸਾਲਾਨਾ) ਫੈਮਲੀ ਪੈਨਸ਼ਨ ਦੇ ਤੌਰ ਤੇ ਉਦੋਂ ਤੱਕ ਮਿਲਦੀ ਰਹੇਗੀ ਜਦੋ ਤਕ ਉਹ ਜਿੰਦਾ ਰਹਿੰਦੀ/ ਰਹਿੰਦਾ ਹੈ ਜਾਂ ਦੂਸਰਾ ਵਿਆਹ ਨਹੀਂ ਕਰਵਾ ਲੈਂਦੀ/ਲੈਂਦਾ ਹੈ। ਜੇਕਰ ਮ੍ਰਿਤਕ ਲਾਭਪਾਤਰੀ ਦਾ ਪਤੀ ਜਾ ਪਤਨੀ ਖੁਦ ਵੀ ਬੋਰਡ ਦਾ ਲਾਭਪਾਤਰੀ ਹੈ ਅਤੇ ਉਸ ਨੂੰ ਖੁਦ ਪੈਨਸ਼ਨ ਮਿਲਦੀ ਹੈ, ਉਸਦੀ 'ਫੈਮਲੀ ਪੈਨਸ਼ਨ' ਬੰਦ ਹੋ ਜਾਵੇਗੀ।

7. ੳ) ਜੇਕਰ ਪੈਨਸ਼ਨਰ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਪਤਨੀ/ਪਤੀ ਖੁਦ ਜਿੰਦਾ ਰਹਿਣ ਤੱਕ ਪੈਨਸ਼ਨ ਦਾ 50% ਹਿੱਸਾ ਬਤੌਰ 'ਫੈਮਲੀ ਪੈਨਸ਼ਨ' ਲੈਣ ਦੇ ਹੱਕਦਾਰ ਹੋਣਗੇ। ਲੇਕਿਨ ਜੇਕਰ ਪਤੀ/ਪਤਨੀ ਦੂਜਾ ਵਿਆਹ ਕਰਵਾ ਲੈਂਦੇ ਹਨ ਜਾਂ ਉਹ ਸਰਕਾਰ ਦੀ ਬੁਢਾਪਾ ਪੈਨਸ਼ਨ ਪ੍ਰਾਪਤ ਕਰ ਰਿਹਾ/ਰਹੀ ਹੋਵੇ, ਤਾਂ ਬੋਰਡ ਤੋਂ ਫੈਮਲੀ ਪੈਨਸ਼ਨ ਲੈਣ ਦੇ ਹੱਕਦਾਰ ਨਹੀਂ ਹੋਣਗੇ। ਜੇਕਰ ਪਤੀ ਪਤਨੀ ਦੋਵੇਂ ਬੋਰਡ ਦੇ ਲਾਭਪਾਤਰੀ ਹਨ ਅਤੇ ਦੋਨਾਂ ਨੂੰ ਪੈਨਸ਼ਨ ਮਿਲ ਰਹੀ ਹੋਵੇ ਤਾਂ ਪਤੀ ਜਾਂ ਪਤਨੀ ਵਿਚੋਂ ਕਿਸੇ ਇਕ ਦੀ ਮੌਤ ਹੋਣ ਤੇ ਦੂਜਾ 'ਫੈਮਲੀ ਪੈਨਸ਼ਨ' ਦਾ ਹਕਦਾਰ ਨਹੀਂ ਹੋਵੇਗਾ।

   ਅ) ਲੇਕਿਨ ਜੇਕਰ ਪਤੀ ਪਤਨੀ ਦੋਨਾਂ ਵਿਚੋ ਕੋਈ ਇਕ ਪੈਨਸ਼ਨ ਲੈ ਰਿਹਾ ਹੋਵੇ ਤਾਂ ਪੈਨਸ਼ਨ ਪ੍ਰਾਪਤ ਕਰਨ ਵਾਲੇ ਪਤੀ ਜਾਂ ਪਤਨੀ ਦੀ ਮੌਤ ਹੋਣ ਦੀ ਸੂਰਤ ਵਿਚ ਦੂਜੇ ਲਾਭਪਾਤਰੀ ਪਤੀ ਜਾਂ ਪਤਨੀ ਜੋ ਵੀ ਜਿੰਦਾ ਹੋਵੇ, ਨੂੰ ਉਦੋ ਤੱਕ ਫੈਮਲੀ ਪੈਨਸ਼ਨ ਦਿਤੀ ਜਾਵੇਗੀ, ਜਦੋ ਤੱਕ ਇਹ ਖੁਦ ਬੋਰਡ ਵਲੋਂ ਪੈਨਸ਼ਨ ਪ੍ਰਾਪਤ ਕਰਨ ਦਾ ਹਕਦਾਰ ਨਹੀਂ ਹੋ ਜਾਂਦਾ। ਉਸਨੂੰ ਅਪਣੀ ਪੈਨਸ਼ਨ ਪ੍ਰਾਪਤ ਹੋਣ ਤੇ ਉਸਦੀ 'ਫੈਮਲੀ ਪੈਨਸ਼ਨ' ਬੰਦ ਹੋ ਜਾਵੇਗੀ।

8. ਅਜਿਹੇ ਪੰਜੀਕ੍ਰਿਤ ਉਸਾਰੀ ਕਿਰਤੀ ਜਿਹੜੇ ਪੰਜਾਬ ਸਰਕਾਰ ਦੀ ਬੁਢਾਪਾ ਪੈਨਸ਼ਨ ਜਾਂ ਉਸ ਅਧੀਨ ਕਿਸੇ ਵੀ ਬੋਰਡ/ਕਾਰਪੋਰੇਸ਼ਨ ਦੀ ਕਿਸੇ ਤਰ੍ਹਾਂ ਦੀ ਵੀ ਪੈਨਸ਼ਨ ਲੈਂਣ ਲਈ ਤਰਜੀਹ ਦੇਣਗੇ ਉਹ ਬੋਰਡ ਦੀ ਪੈਨਸ਼ਨ ਸਕੀਮ ਅਧੀਨ ਪੈਨਸ਼ਨ ਦੇ ਹੱਕਦਾਰ ਨਹੀਂ ਹੋਣਗੇ। ਪ੍ਰਾਰਥੀ ਵਲੋਂ ਇਸ ਬਾਰੇ ਨਿਰਧਾਰਤ ਫਾਰਮ ਵਿਚ ਸਵੈ ਘੋਸ਼ਣਾ ਪੱਤਰ ਦੇਣਾ ਹੋਵੇਗਾ ਕਿ ਉਹ ਪੰਜਾਬ ਸਰਕਾਰ ਵਲੋਂ ਕਿਸੇ ਕਿਸਮ ਦੀ ਕੋਈ ਪੈਨਸ਼ਨ ਪ੍ਰਾਪਤ ਨਹੀਂ ਕਰ ਰਿਹਾ ਹੈ।

9. ਪੈਨਸ਼ਨ ਦੀ ਅਦਾਇਗੀ ਤਿਮਾਹੀ ਤੌਰ ਤੇ ਜਾਂ ਸਮੇਂ-ਸਮੇਂ ਤੇ ਬੋਰਡ ਵਲੋਂ ਨਿਰਧਾਰਿਤ ਕੀਤੀ ਅਵਧੀ ਅਨੁਸਾਰ ਬੈਂਕ ਖਾਤਿਆਂ ਰਾਹੀਂ ਕੀਤੀ ਜਾਵੇਗੀ।

10. ਪੈਨਸ਼ਨ ਦੀ ਦਰਖਾਸਤ ਜਿਲ੍ਹੇ ਦੇ ਅਧਿਕਾਰੀ ਜਿਵੇਂ ਕਿ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਪਾਸ ਫਾਰਮ ਨੰ: xxxiv ਵਿਚ ਸਮੇਤ ਸਵੈ-ਘੋਸ਼ਣਾ ਦਿਤੀ ਜਾਵੇਗੀ, ਜੋ ਕਿਰਤ ਇੰਸਪੈਕਟਰ ਪਾਸੋਂ ਪੜਤਾਲ ਕਰਵਾਉਣ ਉਪਰੰਤ ਉਪ ਮੰਡਲ ਪੱਧਰ ਤੇ ਬਣਾਈਆਂ ਕਮੇਟੀਆਂ ਦੀ ਸਿਫਾਰਸ਼ ਸਹਿਤ ਡਿਪਟੀ ਕਮਿਸ਼ਨਰ ਰਾਹੀਂ ਸਕੱਤਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨੂੰ ਭੇਜਣਗੇ।

11. ਪੈਨਸ਼ਨ ਮੰਨਜੂਰ ਕਰਨ ਲਈ ਸਕੱਤਰ ਬੋਰਡ ਜਾਂ ਉਨ੍ਹਾਂ ਵਲੋਂ ਅਧਿਕਾਰਤ ਕੀਤਾ ਗਿਆ ਅਧਿਕਾਰੀ ਸਮਰਥ ਅਧਿਕਾਰੀ ਹੋਵੇਗਾ।

12. ਜੇਕਰ ਪੈਨਸ਼ਨ ਦੀ ਦਰਖਾਸਤ ਡਿਪਟੀ ਕਮਿਸ਼ਨਰ ਅਧੀਨ ਉਪ ਮੰਡਲ ਪਧੱਰ ਤੇ ਬਣਾਈ ਕਮੇਟੀ ਵਲੋਂ ਨਾਂ ਮੰਨਜੂਰ ਕੀਤੀ ਜਾਂਦੀ ਹੈ ਤਾਂ ਉਹ ਆਪਣੀ ਅਪੀਲ 60 ਦਿਨਾਂ ਦੇ ਅੰਦਰ-ਅੰਦਰ ਸਕੱਤਰ ਬੋਰਡ ਪਾਸ ਕਰ ਸਕਦਾ ਹੈ। ਲਾਭਪਾਤਰੀ ਵਲੋਂ ਦੇਰੀ ਦੇ ਕਾਰਣ ਸਪਸ਼ਟ ਕਰਨ ਤੇ ਜੇਕਰ ਸਕੱਤਰ ਬੋਰਡ ਸੰਤੁਸ਼ਟ ਹੋਣ ਤਾਂ 60 ਦਿਨਾਂ ਤੋਂ ਬਾਅਦ ਦੀ ਦੇਰੀ ਨੂੰ ਵੱਧ ਤੋਂ ਵੱਧ ਇਕ ਸਾਲ ਤਕ ਨਜਰ ਅੰਦਾਜ ਕੀਤਾ ਜਾ ਸਕਦਾ ਹੈ। ਸਮਰਥ ਅਧਿਕਾਰੀ ਵਲੋਂ ਉਸਾਰੀ ਕਿਰਤੀ ਦੀ ਅਰਜੀ, ਉਸਨੂੰ ਨਿੱਜੀ ਸੁਣਵਾਈ ਦਾ ਮੌਕਾ ਦਿਤੇ ਬਿਨਾਂ ਰੱਦ ਨਹੀਂ ਕੀਤੀ ਜਾਵੇਗੀ।ਅਪੀਲ ਸਬੰਧੀ ਸਕੱਤਰ ਬੋਰਡ ਦਾ ਨਿਰਣਾ ਅੰਤਮ ਹੋਵੇਗਾ।

13. ਪੈਨਸ਼ਨ ਸਕੀਮ 3 ਸਾਲ ਦੀ ਅਵਧੀ ਉਪਰੰਤ ਬੋਰਡ ਦੇ ਵਿਚਾਰ ਹਿਤ ਪੇਸ਼ ਕੀਤੀ ਜਾਵੇਗੀ।ਜੇਕਰ ਬੋਰਡ ਉਚਿਤ ਸਮਝੇ ਤਾਂ ਇਸ ਸਕੀਮ ਨੂੰ ਰਿਵਾਇਜ਼ ਕੀਤਾ ਜਾ ਸਕਦਾ ਹੈ।

14. ਸਕੱਤਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਪੈਨਸ਼ਨ ਮੰਨਜੂਰ ਕਰਨ ਉਪਰੰਤ ਇਸ ਦੀ ਅਦਾਇਗੀ ਲਈ ਰਕਮ ਉਸਾਰੀ ਕਿਰਤੀਆਂ ਦੇ ਖਾਤੇ ਵਿਚ ਤਿਮਾਹੀ ਤੌਰ ਤੇ ਐਲ.ਆਈ.ਸੀ ਵਲੋਂ ਬੈਂਕ ਰਾਹੀਂ ਟ੍ਰਾਂਸਫਰ ਕੀਤੀ ਜਾਵੇਗੀ ਅਤੇ ਐਲ.ਆਈ.ਸੀ ਨਾਲ ਸਾਈਨ ਕੀਤੇ ਜਾਣ ਵਾਲੇ MOU ਅਨੁਸਾਰ ਐਲ.ਆਈ.ਸੀ ਲਈ ਇਹ ਸਥਾਈ ਹਦਾਇਤਾਂ ਹੋਣਗੀਆਂ।

15. ਪੈਨਸ਼ਨਰ ਨੂੰ ਹਰ ਸਾਲ ਜਨਵਰੀ ਦੇ ਮਹੀਨੇ ਵਿਚ ਆਪਣੇ ਜਿੰਦਾ ਹੋਣ ਸਬੰਧੀ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਰਾਹੀਂ ਜਾਂ ਸਿਧੇ ਐਲ.ਆਈ.ਸੀ ਪਾਸ ਯੋਗ ਪ੍ਰੋਫਾਰਮੇ ਵਿਚ ਸਰਟੀਫਿਕੇਟ ਦੇਣਾ ਹੋਵੇਗਾ। ਜੇਕਰ ਕਿਰਤੀ ਇਹ ਸਰਟੀਫਿਕੇਟ ਨਹੀਂ ਦਿੰਦਾ ਹੈ ਤਾਂ ਐਲ.ਆਈ.ਸੀ ਵਲੋਂ ਉਸਦੀ ਪੈਨਸ਼ਨ ਰੋਕ ਦਿਤੀ ਜਾਵੇਗੀ। ਇਹ ਸਰਟੀਫਿਕੇਟ ਪੇਸ਼ ਕਰਨ ਤੇ ਪੈਨਸ਼ਨ ਸਮੇਤ ਪੈਨਸ਼ਨ ਦੇ ਬਕਾਏ ਦੇ, ਐਲ.ਆਈ.ਸੀ ਵਲੋਂ ਮੁੜ ਸ਼ੁਰੂ ਕੀਤੀ ਜਾਵੇਗੀ।

16. ਪੈਨਸ਼ਨਰ ਨੂੰ ਪੀ.ਪੀ.ਓ. ਡਿਪਟੀ ਸਕੱਤਰ ਬੋਰਡ ਵਲੋਂ ਜਾਰੀ ਕੀਤਾ ਜਾਵੇਗਾ ਅਤੇ ਸਕੱਤਰ ਬੋਰਡ ਦੇ ਦਫਤਰ ਵਿਚ ਪੀ.ਪੀ.ਓ. ਜਾਰੀ ਕਰਨ ਸਬੰਧੀ ਰਿਕਾਰਡ ਫਾਰਮ ਨੰ: xxxxiii ਵਿਚ ਰੱਖਿਆ ਜਾਵੇਗਾ।

17. ਜੇਕਰ ਕਿਸੇ ਪੈਨਸ਼ਨਰ ਨੂੰ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਐਲ.ਆਈ.ਸੀ ਜਾਂ ਵਿਭਾਗ ਦੇ ਕਿਸੇ ਅਧਿਕਾਰੀ/ ਕਰਮਚਾਰੀ ਪ੍ਰਤਿ ਕੋਈ ਸ਼ਿਕਾਇਤ ਹੋਵੇ, ਤਾਂ ਉਸਦਾ ਨਿਪਟਾਰਾ ਸਕੱਤਰ ਬੋਰਡ ਦੀ ਪੱਧਰ ਤੇ ਕੀਤਾ ਜਾਵੇਗਾ।

**ਭਲਾਈ ਸਕੀਮ ਨੰ: 13 ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹਾਈ ਦੋਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ।** **ਮਿਤੀ 18.2.2014 ਤੋਂ ਸ਼ਾਮਲ ਨਵੀਂ ਸਕੀਮ**

ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹਾਈ ਦੋਰਾਨ ਬੋਰਡ ਵਲੋਂ ਹੇਠ ਲਿਖੀਆਂ ਸ਼ਰਤਾਂ ਅਨੁਸਾਰ 'ਸਾਈਕਲ' ਖਰੀਦਕੇ ਦਿਤੀ ਜਾਵੇਗੀ: -

1. ਇਸ ਸਕੀਮ ਦਾ ਲਾਭ ਲੈਂਣ ਲਈ ਲਾਭਪਾਤਰੀ ਘੱਟੋਂ-ਘੱਟ ਇਕ ਸਾਲ ਤੋਂ ਬੋਰਡ ਦਾ ਮੈਂਬਰ ਹੋਣਾ ਚਾਹੀਦਾ ਹੈ।

2. ਲਾਭਪਾਤਰੀ ਅਪਣੀ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।

3. ਇਹ ਲਾਭ 'ਲਾਭਪਾਤਰੀ' ਕਿਰਤੀ ਦੇ ਉਸੇ ਬੱਚੇ ਨੂੰ ਦਿਤਾ ਜਾਵੇਗਾ ਜ਼ੋ ਕਿ ਪੰਜਾਬ ਰਾਜ ਵਿਚ 9ਵੀਂ ਤੋਂ 12ਵੀਂ ਕਲਾਸ ਤੱਕ ਦੀ ਪੜ੍ਹਾਈ ਕਰ ਰਿਹਾ ਹੋਵੇ ਅਤੇ ਬੋਰਡ ਦੀ ਵਜੀਫਾ ਸਕੀਮ ਅਧੀਨ ਵਜੀਫਾ ਪ੍ਰਾਪਤ ਕਰ ਰਿਹਾ ਹੋਵੇ। ਜਿਸ ਲਈ ਉਸ ਨੂੰ ਸਕੂਲ ਦੇ ਹੈਡਮਾਸਟਰ/ਪ੍ਰਿਸੀਪਲ ਤੋਂ ਬੱਚੇ ਦੀ ਪੜ੍ਹਾਈ ਦਾ ਸਬੂਤ ਲੈਕੇ ਅਰਜ਼ੀ ਦੇ ਨਾਲ ਲਗਾਉਂਣਾਂ ਜਰੂਰੀ ਹੋਵੇਗਾ।

4. ਲਾਭਪਾਤਰੀ ਦਾ ਬੱਚਾ 9ਵੀਂ ਤੋਂ 12ਵੀਂ ਕਲਾਸ ਤੱਕ ਦੀ ਪੜ੍ਹਾਈ ਦੋਰਾਨ ਕੇਵਲ ਇਕ ਵਾਰ ਹੀ ਇਸ ਸਕੀਮ ਅਧੀਨ ਫਾਇਦਾ ਉਠਾ ਸਕੇਗਾ।

5. ਕਿਉਂਕਿ ਇਸ ਸਕੀਮ ਅਧੀਨ ਲਾਭ ਲੈਣ ਲਈ ਕੇਵਲ ਉਹ ਹੀ ਬੱਚੇ ਹੱਕਦਾਰ ਹੋਣਗੇ ਜਿਹੜੇ ਬੋਰਡ ਦੀ ਵਜੀਫਾ ਸਕੀਮ ਅਧੀਨ ਵਜੀਫਾ ਪ੍ਰਾਪਤ ਕਰ ਰਹੇ ਹਨ। ਇਸ ਲਈ ਇਸ ਸਕੀਮ ਅਧੀਨ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਵਲੋਂ ਕਿਰਤੀ ਦੀ ਅਰਜੀ ਵੈਰੀਫਿਕੇਸ਼ਨ ਕਰਨ ਉਪਰੰਤ ਸਾਈਕਲ ਵਾਸਤੇ ਵੰਡ ਦੀ ਰਾਸ਼ੀ ਦੀ ਮੰਗ ਸਿਧੀ ਬੋਰਡ ਪਾਸੋਂ ਕੀਤੀ ਜਾਵੇਗੀ ਭਾਵ ਅਜਿਹੀਆਂ ਐਪਲੀਕੇਸ਼ਨਾਂ ਤੇ ਸਬ-ਡਵੀਜਨ ਪੱਧਰ ਤੇ ਪੜਚੋਲ ਕਰਵਾਉਣ ਦੀ ਜਾਂ ਡਿਪਟੀ ਕਮਿਸ਼ਨਰ ਪਾਸੋਂ ਪ੍ਰਵਾਨਗੀ ਲੈਣ ਦੀ ਕੋਈ ਲੋੜ ਨਹੀਂ ਹੋਵੇਗੀ।

6. ਸਾਈਕਲ ਦੀ ਖਰੀਦ ਪੰਜਾਬ ਰਾਜ ਵਿਚ ਹੀ ਕੀਤੀ ਗਈ ਹੋਵੇ ਅਤੇ ਸਬੰਧਤ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਜਾਂ ਲੇਬਰ ਇੰਸਪੈਕਟਰ ਸਾਈਕਲ ਖ੍ਰੀਦ ਕੇ ਸਬੰਧਤ ਲਾਭਪਾਤਰੀ ਨੂੰ ਮੁਹੱਈਆ ਕਰਵਾਉਣਗੇ।

7. ਇਸ ਸਕੀਮ ਅਧੀਨ ਸਾਈਕਲ ਦੀ ਕੀਮਤ, ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੁਆਰਾ ਚਲਾਈ ਜਾ ਰਹੀ 'ਸਾਈਕਲ ਸਕੀਮ' ਅਧੀਨ ਨਿਰਧਾਰਿਤ ਰਾਸ਼ੀ ਨੂੰ ਮੁੱਖ ਰੱਖਦੇ ਹੋਏ ਨਿਸ਼ਚਿਤ ਕੀਤੀ ਜਾਵੇਗੀ।

**ਭਲਾਈ ਸਕੀਮ ਨੰ: 14 ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਸਿਹਤ ਬੀਮਾ ਸਕੀਮ।**

ਉਸਾਰੀ ਕਿਰਤੀ ਮੁਸ਼ਕਿਲ ਹਾਲਾਤਾਂ ਵਿਚ ਕੰਮ ਕਰਦੇ ਹਨ ਜਿਸ ਕਰਕੇ ਉਨ੍ਹਾਂ ਦੇ ਅਕਸਰ ਸੱਟਾਂ ਲੱਗ ਜਾਂਦੀਆਂ ਹਨ ਅਤੇ ਕਈ ਬੀਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਥੋਂ ਤਕ ਕਿ ਉਨ੍ਹਾਂ ਨੂੰ ਸ਼ੁਧ ਪਾਣੀ ਵੀ ਪੀਣ ਨੂੰ ਨਹੀਂ ਮਿਲਦਾ ਅਤੇ ਕੰਮ ਕਰਨ ਵਾਲੀ ਥਾਂ ਤੇ ਟਾਇਲਟ ਅਤੇ ਕੰਟੀਨ ਆਦਿ ਦੀ ਕੋਈ ਸੁਵਿਧਾ ਉਪਲਬਧ ਨਹੀਂ ਹੁੰਦੀ, ਜਿਸਦੇ ਸਿੱਟੇ ਵਜੋਂ ਸਿਹਤ ਪੱਖੀ ਸਹੂਲਤਾਂ ਤੋਂ ਇਹ ਕਿਰਤੀ ਅਕਸਰ ਵਾਂਝੇ ਰਹਿ ਜਾਂਦੇ ਹਨ ਅਤੇ ਅਪਣੀ ਸਾਰੀ ਉਮਰ ਬੀਮਾਰੀਆਂ ਦਾ ਸੰਤਾਪ ਭੁਗਤਦੇ ਰਹਿੰਦੇ ਹਨ। ਉਸਾਰੀ ਕਿਰਤੀਆਂ ਦੀਆਂ ਇਨ੍ਹਾਂ ਔਕੜਾਂ ਨੂੰ ਮੁੱਖ ਰੱਖਦੇ ਹੋਏ ਬੋਰਡ ਦੇ ਲਾਭਪਾਤਰੀਆਂ ਲਈ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੁਆਰਾ ਚਲਾਈ ਜਾਣ ਵਾਲੀ **"ਪੰਜਾਬ ਸਰਵ ਸਿਹਤ ਬੀਮਾ ਯੋਜਨਾ"** ਨੂੰ ਅਪਨਾਉਣ ਦਾ ਫੈਸਲਾ ਲਿਆ ਗਿਆ ਹੈ, ਜਿਸ ਅਧੀਨ ਲਾਭਪਾਤਰੀ ਜਾਂ ਉਸਦੇ ਪਰੀਵਾਰ ਦੇ ਮੈਂਬਰ ਅਪਣੀਆਂ ਵੱਖ-ਵੱਖ ਬੀਮਾਰੀਆਂ ਜਿਵੇਂ ਕਿ ਦਿਲ ਦਾ ਉਪਰੇਸ਼ਨ, ਜੋੜਾਂ ਦਾ ਬਦਲਨਾ, ਮੋਤੀਆ-ਬਿੰਦ ਦਾ ਉਪਰੇਸ਼ਨ, ਬੱਚੇਦਾਨੀ ਕਢਣਾ ਅਤੇ ਹਰਨੀਆਂ ਆਦਿ ਦੇ ਇੰਨ-ਡੋਰ ਇਲਾਜ ਵਾਸਤੇ ਪ੍ਰਤੀ ਪਰੀਵਾਰ 1.5 ਲੱਖ ਰੁਪਏ ਤੱਕ ਦਾ ਲਾਭ ਪ੍ਰਤੀ ਸਾਲ ਉਠਾ ਸਕਣਗੇ, ਜਿਸ ਦੇ ਤਹਿਤ ਕੁਝ ਖਾਸ ਬਿਮਾਰੀਆਂ ਲਈ ਆਉਟ-ਡੋਰ ਇਲਾਜ ਦੀ ਸੁਵਿਧਾ ਵੀ ਹੋਵੇਗੀ।

ਬੋਰਡ ਵਲੋਂ ਇਸ ਸਕੀਮ ਦੀ ਸਿਧਾਂਤਿਕ ਪ੍ਰਵਾਨਗੀ ਮਿਤੀ 24.12.2013 ਨੂੰ ਹੋਈ ਬੋਰਡ ਦੀ 11ਵੀਂ ਮੀਟਿੰਗ ਵਿੱਚ ਦੇ ਦਿੱਤੀ ਗਈ ਹੈ ਅਤੇ ਇਸ ਸਕੀਮ ਨੂੰ ਲਾਗੂ ਕਰਨ ਲਈ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ ਅਤੇ ਉਮੀਦ ਹੈ ਕਿ ਇਹ ਸਕੀਮ ਜਲਦੀ ਹੀ ਲਾਗੂ ਹੋ ਜਾਵੇਗੀ।